੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 103
ਨੰਬਰ 01

੩ ਤੋਂ ੧੮ ਮਾਘ ੨੦੭੯ ਬਿ.
16 to 31 January 2023


# ਸਤਿਜੁਗ



ਸਿੱਖੀ ਬਾਗ ਖ਼ਿਜ਼ਾਂ ਜਦ ਗ੍ਰਸਿਆ ਭਯੋ ਪਤ੍ਰ ਬਿਨ ਸਾਇਆ।
ਰੂਪ ਬਸੰਤ ਦਾ ਧਾਰ ਕੇ ਬਾਬਾ ਦਿਨ ਬਸੰਤ ਦੇ ਆਇਆ।

– ਭਾਈ ਕਾਨ੍ਹ ਸਿੰਘ ਨਾਭਾ

10/-

## ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਜੋੜ ਮੇਲੇ ਦੀਆਂ ਝਲਕੀਆਂ

28 ਦਸੰਬਰ 2022

















# ਸਤਿਜੁਗ

੩ ਤੋਂ ੧੯ ਮਾਘ ੨੦੭੯ ਬਿ.

16 ਤੋਂ 31 ਜਨਵਰੀ 2023 ਈ.

ਜਿਲਦ 103, ਨੰਬਰ 1



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................4
* ਗੁਰਬਾਣੀ ਵਿਆਖਿਆ........................................6
* ਬਿਖਮ ਰਾਹਾਂ ਦੇ ਰਹਿਨੁਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ
  ਅਜੀਤ ਸਿੰਘ ਲਾਇਲ................................8
* ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਿਕ ਸੁਧਾਰਾਂ ਦਾ ਮੁਲਾਂਕਣ
  ਡਾ.ਬਲਵੀਰ ਕੌਰ................................16
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ................................20
* **Contribution of the Kuka Movement to the anti-colonial struggle**
  **SS Azad................................23**
* **A Saga of Sri Satguru Jagjit Singh ji**
  **Dr. Sharada Jayagovind................................27**
* ਕਾਵਿ-ਕਿਆਰੀ........................................29
* ਸੁੱਚੇ-ਮੋਤੀ........................................30
* ਬੱਚਿਆਂ ਦਾ ਪੰਨਾ........................................31
* ਖ਼ਬਰਨਾਮਾ........................................32
* **Matrimonial................................42**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਪ੍ਰਕਿਰਤੀ ਵਿੱਚ ਬਸੰਤ ਰੁੱਤ ਇਕ ਚਮਤਕਾਰ ਹੈ। ਠੰਡ, ਕੱਕਰ, ਧੁੰਧ ਨਾਲ ਬੇਜਾਨ ਹੋਏ ਜੀਵ-ਜੰਤੂਆਂ ਅਤੇ ਪੱਤਝੜ ਦੀ ਮਾਰ ਸਹਿੰਦੇ ਰੁੱਖਾਂ ਲਈ ਬਸੰਤ ਵਰਦਾਨ ਹੈ। ਕੋਸੀ-ਕੋਸੀ ਧੁੱਪ ਜੋ ਜ਼ਿੰਦਗੀ ਨੂੰ ਨਵੀਂ ਤਾਜ਼ਗੀ ਦਿੰਦੀ ਹੈ। ਪਹਾੜਾ ਦੀਆਂ ਸਿਖਰਾਂ ਤੇ ਜੰਮੀ ਬਰਫ਼ ਪਿਘਲ ਕੇ ਜ਼ਮੀਨੀ ਜਨ-ਜੀਵਨ ਨੂੰ ਅੰਮ੍ਰਿਤ ਜਲ ਨਾਲ ਸਿੰਜਦੀ ਹੈ। ਨਵੀਂ ਪੁੰਗਰੀ ਕੂਲੀ ਬਨਸਪਤੀ ਨੂੰ ਵੇਖ ਹਰ ਹਿਰਦਾ ਪ੍ਰਫੁੱਲਿਤ ਹੁੰਦਾ ਹੈ। ਜੀਵਨ ਦੀ ਇਸ ਨਵੀਂ ਨੁਹਾਰ ਨੂੰ ਬਸੰਤ ਆਖਿਆ ਜਾਂਦਾ ਹੈ। ਇਸ ਬਸੰਤ ਰੁੱਤ ਵਿੱਚ ਹੀ ਬਸੰਤੀ ਮਾਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਮਾਲਵੇ ਦੀ ਧਰਤੀ, ਸਤਲੁੱਜ ਦਰਿਆ ਨਾਲ ਖਹਿੰਦਾ ਖਿੱਤਾ, ਪਿੰਡ ਰਾਈਆਂ ਪਿਤਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਘਰ ਨੂੰ ਆਪ ਨੇ ਮਾਨ ਬਖਸ਼ਿਆ। ਪਿਤਾ ਜੱਸਾ ਸਿੰਘ ਲੁਹਾਰਾ ਤਰਖਾਣੇ ਦਾ ਕੰਮ ਕਰਦੇ ਸੀ ਜੋ ਖੇਤੀ ਬਾੜੀ ਦਾ ਸਹਾਇਕ ਕਿੱਤਾ ਸੀ। ਆਪ ਦੇ ਅਵਤਾਰ ਤੋਂ ਛੇਤੀ ਬਾਅਦ ਹੀ ਪਿਤਾ ਜੱਸਾ ਸਿੰਘ ਰਾਈਆਂ ਦੇ ਨੇੜੇ ਨਵੇਂ ਵੱਸੇ ਪਿੰਡ, ਭੈਣੀ ਆਲਾ ਆ ਗਏ।

ਮੁੱਢਲੀ ਸਿਖਿਆ ਆਪ ਨੇ ਆਪਣੀ ਮਾਤਾ ਜੀ ਕੋਲੋਂ ਲਈ। ਮਾਤਾ ਸਦਾ ਕੌਰ ਜੀ ਗੁਰਮੁੱਖੀ ਅੱਖਰਾਂ ਅਤੇ ਗੁਰਬਾਣੀ ਦੇ ਗਿਆਤਾ ਸਨ। ਸਤਿਗੁਰੂ ਰਾਮ ਸਿੰਘ ਜੀ ਚਾਰ ਭੈਣ ਭਰਾ ਸੀ। ਆਪ ਦੇ ਜਲਾਵਤਨ ਹੋਣ ਤੋਂ ਬਾਅਦ ਨਾਮਧਾਰੀ ਪੰਥ ਨੂੰ ਸੰਭਾਲਣ ਵਾਲੇ ਸਤਿਗੁਰੂ ਹਰੀ ਸਿੰਘ ਜੀ (ਪਹਿਲਾ ਨਾਮ ਬੁੱਧ ਸਿੰਘ) ਆਪ ਤੋਂ ਚਾਰ ਸਾਲ ਛੋਟੇ ਸੀ। ਦੋ ਭੈਣਾ ਸਾਹਿਬ ਕੌਰ ਤੇ ਰਾਮ ਕੌਰ ਸੀ।

ਉਸ ਸਮੇਂ ਦੀ ਰੀਤ ਅਨੁਸਾਰ ਆਪ ਦਾ ਵਿਆਹ ਛੋਟੀ ਉਮਰ ਵਿੱਚ ਪਿੰਡ ਧਰੌੜ ਦੇ ਭਾਈ ਸਾਹਬੂ ਦੀ ਪੁੱਤਰੀ ਬੀਬੀ ਜੱਸਾਂ ਨਾਲ ਹੋਇਆ।

ਆਪ ਦੇ ਘਰ ਦੋ ਪੁੱਤਰੀਆਂ ਅਤੇ ਇਕ ਪੁੱਤਰ ਨੇ ਜਨਮ ਲਿਆ। ਪੁੱਤਰ ਅੱਠ ਦਿਨਾਂ ਦਾ ਹੋ ਕੇ ਚੜਾਈ ਕਰ ਗਿਆ। ਵੱਡੀ ਪੁੱਤਰੀ ਬੀਬੀ ਨੰਦਾ ਖਟੜੇ ਚਹਾਰਮ ਵਿਆਹੀ ਸੀ ਅਤੇ ਛੋਟੀ ਬੀਬੀ ਦਯਾ ਕੌਰ, ਪਿੰਡ ਨਾਰੰਗਵਾਲ। ਬਚਪਨ ਦੀਆਂ ਖੇਡਾਂ ਖੇਡਦਿਆਂ ਹਾਣੀਆਂ ਨਾਲ ਰੱਬੀ ਰਹੱਸ ਦੀਆਂ ਬਾਤਾਂ ਪਾਉਂਦਿਆਂ ਤੇ ਪਿਤਾ ਨਾਲ ਕੰਮ ਕਾਰ ਨੂੰ ਨੀਝ ਤੇ ਖੁਸ਼ੀ ਨਾਲ ਕਰਦਿਆਂ ਵੇਖ ਹਰ ਕੋਈ ਸਿਆਣਾ ਪੁਰਸ਼ ਮੂੰਹ ਵਿਚ ਉਂਗਲ ਦਬਾ ਸੋਚਣ ਲੱਗ ਜਾਂਦਾ ਕਿ ਇਹ ਬਾਲਕ ਅਸਾਧਰਨ ਹੈ। ਜਦੋਂ ਪਸ਼ੂ ਚਰਾਉਣ ਬਾਹਰ ਹਾਣੀਆਂ ਨਾਲ ਜਾਣਾ ਤੇ ਰਸੀਆਂ ਨੂੰ ਗੰਢਾਂ ਮਾਰ ਮਾਲਾ ਬਣਾ ਫੜਾ ਕਹਿਣਾ 'ਸਿਮਰਨ ਕਰੋ, ਸਮਾਧੀ ਲਾਵੋ।' ਪਿੰਡ ਵਿੱਚ ਉਦਾਸੀ ਸਾਧੂਆਂ ਦੇ ਡੇਰੇ ਤੋਂ ਹੀ ਆਪ ਨੇ ਪੰਜ ਗ੍ਰੰਥੀ ਪੜ੍ਹੀ ਤੇ ਪਿੰਡ ਤੋਂ ਬਾਹਰ ਜਾ ਬੈਠ ਗੁਰਬਾਣੀ, ਨਾਮ ਅਭਿਆਸ ਕਰਦੇ ਰਹਿੰਦੇ। ਜਵਾਨ ਉਮਰ ਵਿੱਚ ਆਪ ਦੇ ਸੁਡੋਲ ਸਰੀਰ, ਤਿੱਖੇ ਨੈਣ ਨਕਸਾਂ ਨੂੰ ਵੇਖ ਬਹਿਨੋਈ ਕਾਬਲ ਸਿੰਘ ਨੇ ਪਿਤਾ ਜੱਸਾ ਸਿੰਘ ਨੂੰ ਕਿਹਾ, ਇਸ ਤਰ੍ਹਾਂ ਦੇ ਦਰਸ਼ਨੀ ਜਵਾਨਾਂ ਦੀ ਜ਼ਰੂਰਤ ਤੇ ਸਿਖ ਫ਼ੌਜ ਵਿੱਚ ਹੈ। ਸੰਨ 1837 ਈ. ਨੂੰ ਆਪ ਸਿੱਖ ਫ਼ੌਜ ਵਿੱਚ ਭਰਤੀ ਹੋ ਗਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ-

ਬਡੇ ਥਾਇ ਜਾਇ ਕੈ ਲਹੌਰ ਪਲਟਨ ਅਹਿ
ਠਾਨ ਲੀਨ ਨੌਕਰੀ ਪਛਾਨ ਕੇ ਸੁਕ੍ਰਿਤ ਹੈ।

ਇਹ ਸਮਾਂ ਸਿਖ ਰਾਜ ਦੀ ਚੜਦੀ ਕਲਾ ਵਾਲਾ ਸੀ ਪਰ ਮਹਾਰਾਜੇ ਦੀ ਮੌਤ ਤੋਂ ਬਾਅਦ ਸਮੇਂ ਦਾ ਗੇੜਾ ਪੁੱਠਾ ਘੁੰਮ ਗਿਆ। ਰਾਜ ਦੇ ਵਾਰਿਸਾਂ ਨੇ ਖਾਨਾਜੰਗੀ ਸ਼ੁਰੂ ਕਰ ਦਿੱਤੀ। ਆਪ ਨੇੜੇ ਤੋਂ ਇਸ ਸਾਰੇ ਹਲਾਤ ਦਾ ਮੁਲਾਂਕਣ ਕਰ ਰਹੇ ਸੀ। ਇਸ ਲਈ ਸਿਖ ਰਾਜ ਦੇ ਦਰਦੀਆਂ ਤੇ ਸੱਚੇ ਸਿਪਾਹੀਆਂ ਨੂੰ ਆਪ ਨੇ ਪਹਿਲਾਂ ਹੀ ਆਉਣ ਵਾਲੇ ਮਾੜੇ ਸਮੇਂ ਤੋਂ ਅਗਾਹ ਕਰ ਦਿੱਤਾ। 1845 ਈ. ਨੂੰ ਆਪ ਮੁਦਕੀ ਦੀ ਲੜਾਈ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਆ ਗਏ। ਇਹ ਸਮਾਂ ਆਤਮ ਚਿੰਤਨ ਦਾ ਹੈ। 12 ਅਪ੍ਰੈਲ 1857 ਈ. ਨੂੰ ਆਪ ਨੇ ਅੰਮ੍ਰਿਤ ਤਿਆਰ ਕਰ ਪੰਜਾਂ ਸਿਖਾਂ ਨੂੰ ਛਕਾਇਆ ਅਤੇ ਪੰਜਾਬ ਵਿੱਚੋਂ ਆਲੋਪ ਹੋਈ ਸਿਖੀ ਨੂੰ ਮੁੜ ਸੁਰਜੀਤ ਕੀਤਾ। ਸਭ ਤੋਂ ਪਹਿਲਾਂ ਆਪ ਨੇ 5 ਸੂਬੇ ਥਾਪੇ। ਇਨ੍ਹਾਂ ਸੂਬਿਆਂ ਦੀਆਂ ਪ੍ਰਚਾਰਕ ਸਰਗਰਮੀਆਂ ਤੋਂ ਘਬਰਾ ਕੇ ਸਰਕਾਰ ਨੇ ਇਨ੍ਹਾਂ ਨੂੰ ਜੂਹਬੰਦ ਕੀਤਾ ਤਾਂ ਆਪ ਨੇ 17 ਸੂਬੇ ਹੋਰ ਥਾਪ ਦਿੱਤੇ।

ਇਨ੍ਹਾਂ ਸੂਬਿਆਂ ਦਾ ਕਾਰਜ ਜਿਥੇ ਸਿਖੀ ਦਾ ਪ੍ਰਚਾਰ ਕਰਨਾ ਸੀ ਉਥੇ ਲੋਕਾਂ ਨੂੰ ਗੁਲਾਮੀ ਤੋਂ ਨਿਜਾਤ ਪਾਉਣ ਲਈ ਲਾਮਬੰਧ ਕਰਨਾ ਸੀ। ਪੰਜਾਬ ਨੂੰ ਬਾਈ ਹਿੱਸਿਆ ਵਿੱਚ ਵੰਡ ਹਰ ਇਲਾਕੇ ਦਾ ਸੂਬਾ ਨੀਯਤ ਕਰ ਦਿੱਤਾ ਫਿਰ ਅੱਗੇ ਨਾਇਬ ਸੂਬੇ ਸਨ ਉਸ ਤੋਂ ਅੱਗੇ ਜਥੇਦਾਰ ਜੋ ਪਿੰਡਾਂ ਵਿੱਚ ਪ੍ਰਚਾਰ ਪ੍ਰਸਾਰ ਕਰਦੇ। ਗਿਆਨੀ ਜੀ ਲਿਖਦੇ ਹਨ-

ਸੂਬੇ ਕੀਨੇ ਬਾਈ ਤਿਨ ਅਕਬਰ ਸਾਹਿ ਨਿਆਂਈ ਉਨ ਕੀ ਜੁਬਾਨ ਮੇ ਤਸੀਰ ਥਾਈ ਵੈਸ ਹੀ॥

ਅੰਗਰੇਜ਼ੀ ਡਾਕ ਸਿਸਟਮ ਦੇ ਖਿਲਾਫ ਆਪਣਾ ਦੇਸੀ ਡਾਕ ਪ੍ਰਬੰਧ ਸਥਾਪਿਤ ਕੀਤਾ, ਜਿਸ ਬਾਰੇ ਅੰਗ੍ਰੇਜ਼ ਵੀ ਕਹਿੰਦੇ ਸੀ ਕਿ ਇਹ ਕੂਕਿਆਂ ਦਾ ਡਾਕ ਪ੍ਰਬੰਧ ਸਾਡੇ ਨਾਲੋਂ ਤੇਜ਼ ਅਤੇ ਸੁਰੱਖਿਅਤ ਹੈ। ਅੰਗਰੇਜ਼ੀ ਸਰਕਾਰ ਖਿਲਾਫ਼ ਪੂਰਨ ਨਾ-ਮਿਲਵਰਤਨ ਸ਼ੁਰੂ ਕੀਤਾ। ਸਤਿਗੁਰੂ ਜੀ ਵਲੋਂ ਸਥਾਪਿਤ ਕੀਤਾ ਸੰਗਠਤ ਇਨ੍ਹਾਂ ਮਜ਼ਬੂਤ ਸੀ ਕਿ ਅੰਗਰੇਜ਼ੀ ਸਰਕਾਰ ਪੂਰੀ ਤਰ੍ਹਾਂ ਘਬਰਾ ਗਈ। ਪੰਜਾਬ ਦੀ ਧਰਤੀ ਤੇ ਹੁੰਦੇ ਜ਼ੁਲਮ, ਅਨਿਆਂ, ਬੇਅਦਬੀਆਂ ਨਾ ਸਹਾਰ ਦੇ ਹੋਏ ਨਾਮਧਾਰੀ ਨੌਜਵਾਨਾਂ ਨੇ ਇਸ ਅਣਮਨੁੱਖੀ ਵਰਤਾਰੇ ਨੂੰ ਰੋਕਣ ਲਈ ਸ਼ਸਤਰ ਚੁੱਕੇ। ਸਰਕਾਰ ਨੇ ਫਾਂਸੀਆਂ, ਕਾਲੇ ਪਾਣੀ ਤੇ ਤੋਪਾਂ ਵਰਗੇ ਹਥਿਆਰ ਕੂਕਿਆਂ ਨੂੰ ਰੋਕਣ ਲਈ ਵਰਤੇ ਪਰ ਕਾਫਲਾ ਸਤਿਗੁਰੂ ਜੀ ਦੀ ਅਗਵਾਈ ਹੇਠ ਵਧਦਾ ਹੀ ਗਿਆ। ਮੌਤ ਤੋਂ ਬੇਪਰਵਾਹ ਆਪਣੀ ਧਰਤੀ, ਦੇਸ਼, ਕੌਮ ਲਈ ਹੱਸ-ਹੱਸ ਮਰਨ ਵਾਲੇ ਸੂਰਬੀਰਾਂ ਨਵੀਆਂ ਪੈੜਾ ਪਾਈਆਂ। ਸਾਡੇ ਲੋਕ ਗੀਤਾਂ ਦੀਆਂ ਸਤਰਾ ਦਸਦੀਆਂ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਕਿਹੜੀ ਚਿੰਗਾਰੀ ਲਾਈ ਜਿਸ ਬਾਰੇ ਲੋਕ ਮੇਲਿਆਂ ਸੱਥਾ ਵਿੱਚ ਗਾਉਂਦੇ ਸਨ-

ਕੂਕਿਆਂ ਦਾ ਪੰਥ ਨਿਰਾਲਾ
ਹੱਥਾਂ ਦੇ ਵਿੱਚ ਗੜਵੇ ਰੱਖਦੇ, ਗਲ ਵਿੱਚ ਉਨ ਦੀ ਮਾਲਾ
ਗਹਿਣਾ ਗੱਟਾ ਮੂਲ ਨਾ ਪਾਉਂਦੇ, ਸਿੱਧਾ ਰਖਦੇ ਚਾਲਾ
ਅੰਗਰੇਜ਼ਾਂ ਦੀ ਈਨ ਨਾ ਮੰਨਦੇ, ਮੰਗਿਆ ਦੇਣ ਨਾ ਹਾਲਾ
ਰਾਜ ਫਰੰਗੀ ਦਾ ਚੰਦ ਰੋਜ ਦਾ ਚਾਲਾ...

ਸਦਾਚਾਰਕ, ਧਾਰਮਿਕ, ਸਮਾਜਿਕ ਅਤੇ ਰਾਜੀਤਿਕ ਪੱਖ ਤੋਂ ਮੁੜ ਪੰਜਾਬ ਨੂੰ ਖੜਾ ਕਰਨ ਲਈ ਆਪ ਨੇ ਇਕ ਨਾਦ ਫੂਕਿਆ। ਜੋ ਨਵੀਂ ਕ੍ਰਾਂਤੀ ਦੀ ਆਹਟ ਸੀ ਜਿਸ ਨੂੰ ਸੁਣ ਲੱਖਾਂ ਨੌਜਵਾਨ ਫਿਰ ਆਜ਼ਾਦੀ ਬਾਰੇ ਸੋਚਣ ਲੱਗੇ।

# ਗੁਰਬਾਣੀ ਵਿਆਖਿਆ - ਜਾਪੁ

**ਨਮੋ ਸਰਬ ਰੰਗੇ॥ ਤ੍ਰਿਭੰਗੀ ਅਨੰਗੇ॥੭੧॥**

ਸਾਰਿਆਂ ਰੰਗਾਂ ਵਾਲੇ ਅਤੇ ਤਿੰਨਾਂ ਭਵਨਾਂ ਨੂੰ ਨਾਸ ਕਰਨ ਵਾਲੇ ਨਿਰਾਕਾਰ ਪ੍ਰਭੂ! ਤੈਨੂੰ ਨਮਸਕਾਰ ਹੈ।

You, the one with all colors and the destroyer of all the three worlds,
O God! I bow in salutation before you.

O, universal-splendoured God! the destroyer of the three worlds, Salutations to You.

**ਨਮੋ ਜੀਵ ਜੀਵੰ॥ ਨਮੋ ਬੀਜ ਬੀਜੇ॥**

ਜੀਵਾਂ ਦੇ ਜੀਵ-ਰੂਪ ਅਤੇ ਬੀਜਾਂ ਦੇ ਬੀਜ-ਰੂਪ ਤੈਨੂੰ ਨਮਸਕਾਰ ਹੈ।

Life of the living and seed of the seeds, O God! I bow in salutation before you.

O, God! The life of the living and origin of the seeds, Salutations to You.

**ਅਖਿੱਜੇ ਅਭਿੱਜੇ॥ ਸਮਸਤੰ ਪ੍ਰਸਿੱਜੇ॥੭੨॥**

ਤੂੰ ਅਵਿਨਾਸ਼ੀ, ਨਾ ਪਤੀਜਣ ਵਾਲਾ ਅਤੇ ਸਾਰਿਆਂ ਤੇ ਪ੍ਰਸੰਨ ਹੋਣ ਵਾਲਾ ਹੈਂ।

O God! You are the eternal one and the one who is pleased with all.
I bow in salutation before you.

O, eternal God! No one can please You, yet You are pleased with all.

**ਕ੍ਰਿਪਾਲੰ ਸਰੂਪੇ॥ ਕੁਕਰਮੰ ਪ੍ਰਣਾਸੀ॥**

ਤੂੰ ਦਿਆਲੂ ਸਰੂਪ ਅਤੇ ਬੁਰੇ ਕਰਮਾਂ ਦਾ ਨਾਸ ਕਰਨ ਵਾਲਾ ਹੈਂ।

You are very kind and destroyer of bad deeds.

O, benevolent God! The destroyer of all sins, Salutations to You.

**ਸਦਾ ਸਰਬਦਾ ਰਿੱਧਿ ਸਿੱਧੰ ਨਿਵਾਸੀ॥੭੩॥**

ਤੂੰ ਹਮੇਸ਼ਾਂ ਹੀ ਰਿੱਧੀਆਂ ਸਿੱਧੀਆਂ ਦਾ ਵਾਸੀ ਹੈਂ।

You have always been the master of supernatural powers.

O, God! The master of universal skills, Salutations to You.

**ਚਰਪਟ ਛੰਦ॥ ਤ੍ਵ ਪ੍ਰਸਾਦਿ॥**

Charpat Chhand, with Your blessings

**ਅੰਮ੍ਰਿਤ ਕਰਮੇ॥ ਅੰਬ੍ਰਿਤ ਧਰਮੇ॥**

ਹੇ ਪ੍ਰਭੂ! ਤੂੰ ਅਮਰ ਕਰਮਾਂ ਵਾਲਾ ਅਤੇ ਅਟੱਲ ਧਰਮਾਂ ਵਾਲਾ ਹੈਂ।

O God! You are of immortal *karmas* and inevitable duties.

**ਅਖਲ ਜੋਗੇ ॥ ਅਚੱਲ ਭੋਗੇ ॥ ੭੪ ॥**
ਤੂੰ ਸਾਰਿਆਂ ਨਾਲ ਜੁੜਿਆਂ ਹੋਇਆਂ ਅਤੇ ਸਰਬ ਪਦਾਰਥਾਂ ਨੂੰ ਹਮੇਸ਼ਾਂ ਭੋਗਣ ਵਾਲਾ ਹੈਂ।
You are attached to all and their immortal enjoyer.

**ਅਚੱਲ ਰਾਜੇ ॥ ਅਟੱਲ ਸਾਜੇ ॥**
ਤੇਰਾ ਰਾਜ ਅਚੱਲ ਹੈ ਅਤੇ ਤੇਰੀ ਰਚਨਾ ਅਟੱਲ ਹੈ।
Your reign is steadfast and your creation is inevitable.
Your reign is steadfast and your creation is everlasting.

**ਅਖਲ ਧਰਮੰ ॥ ਅਲਖ ਕਰਮੰ ॥ ੭੫ ॥**
ਤੂੰ ਸਭ ਧਰਮਾਂ ਵਿੱਚ ਵਿਆਪਕ ਹੈਂ ਅਤੇ ਤੇਰੇ ਕਰਮ ਸਮਝੇ ਨਹੀਂ ਜਾ ਸਕਦੇ।
You permeate every religion and your doing is beyond understanding.
You permeate every religion and Your actions are beyond understanding.

**ਸਰਬੰ ਦਾਤਾ ॥ ਸਰਬੰ ਗਿਆਤਾ ॥**
ਤੂੰ ਸਭ ਦਾ ਦਾਤਾ ਅਤੇ ਸਭ ਦਾ ਜਾਣੂੰ ਹੈਂ ।
Sarbam data. Sarbam gyata.
You are the giver and knower of all.

**ਸਰਬੰ ਭਾਨੇ ॥ ਸਰਬੰ ਮਾਨੇ ॥ ੭੬ ॥**
ਤੂੰ ਸਾਰਿਆਂ ਨੂੰ ਸੂਰਜ ਪ੍ਰਤੀਤ ਹੁੰਦਾ ਹੈਂ ਅਤੇ ਸਾਰਿਆਂ ਦਾ ਪੂਜਣਯੋਗ ਹੈਂ।
Sarbam bhaane. Sarbam maane. (76)
You look like sun to all and are adorable for all.
You enlignten everyone and are adored by all.

**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥**
ਤੂੰ ਸਾਰਿਆਂ ਦਾ ਜੀਵਨ-ਰੂਪ ਅਤੇ ਸਾਰਿਆਂ ਦਾ ਰੱਖਿਅਕ ਹੈਂ।
You are the life force and protector of all.
You are the Life and Strength of all.

**ਸਰਬੰ ਭੁਗਤਾ ॥ ਸਰਬੰ ਜੁਗਤਾ ॥ ੭੭ ॥**
ਤੂੰ ਸਾਰਿਆਂ ਪਦਾਰਥਾਂ ਦਾ ਭੋਗਣ ਵਾਲਾ ਅਤੇ
ਸਾਰਿਆਂ ਨਾਲ ਜੁੜਿਆ ਹੋਇਆ ਹੈਂ।
You are the consumer of all things and are attached to all.
You are the Enjoyer of everything and attached to everyone.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਬਿਖਮ ਰਾਹਾਂ ਦੇ ਰਹਿਨੁਮਾ

# ਸ੍ਰੀ ਸਤਿਗੁਰੂ ਰਾਮ ਸਿੰਘ ਜੀ



**ਅਜੀਤ ਸਿੰਘ ਲਾਇਲ**
**ਸਕੱਤਰ ਨਾਮਧਾਰੀ ਦਰਬਾਰ**

**ਉਹ ਰਾਹਾਂ ਤੇ ਨਹੀਂ ਤੁਰਦਾ,**
**ਉਹ ਤੁਰਦਾ ਹੈ ਤਾਂ ਰਾਹ ਬਣਦੇ।**

ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦੇ, ਪਰ ਲੁਧਿਆਣੇ ਤੋਂ ਕੋਹਾਂ ਦੂਰ, ਕੱਕੇ ਰੇਤੇ ਦੇ ਉੱਚੇ ਉੱਚੇ ਟਿੱਬਿਆਂ ਵਿੱਚ ਵਸਿਆ ਇੱਕ ਗੁੰਮਨਾਮ ਪਿੰਡ ਰਾਈਆਂ, ਵਿੱਚ ਨਿਵਾਸ ਕਰਦੇ ਇੱਕ ਕਿਰਤੀ ਪਰਿਵਾਰ ਵਿੱਚ ਪ੍ਰਗਟੀ ਇੱਕ ਸਖ਼ਸ਼ੀਅਤ ਦੀ ਚਰਚਾ, ਪ੍ਰਸਿੱਧੀ ਉੱਚੇ ਅੰਬਰਾਂ ਨੂੰ ਇਵੇਂ ਛੂਹ ਗਈ ਕਿ ਕੁੱਲ ਦੁਨੀਆਂ ਵਿੱਚ ਪੱਸਰੇ ਫਿਰੰਗੀ ਸਾਮਰਾਜ ਦੀ ਰਾਜਧਾਨੀ 'ਲੰਡਨ' ਤੱਕ ਉਸਦੀ ਚਰਚਾ ਹੋਣ ਲੱਗੀ। ਕੂਟਨੀਤੀ 'ਚ ਦੁਨੀਆਂ ਦੀ ਮੰਨੀ-ਪ੍ਰਮੰਨੀ ਫਿਰੰਗੀ ਕੌਮ ਦੇ ਸਰਬਰਾਹ, ਇਸ ਸਖਸ਼ੀਅਤ ਦੀਆਂ ਗਤੀਵਿਧੀਆਂ ਨੂੰ, ਨੀਤੀਆਂ ਨੂੰ ਬੜੀ ਨੀਝ ਨਾਲ, ਬੜੀ ਬਾਰੀਕੀ ਨਾਲ ਘੋਖਣ ਪੜਤਾਲਣ ਲੱਗੇ, ਤੇ ਉਨ੍ਹਾਂ ਨੂੰ ਇਸ ਤੋਂ ਅਤੇ ਇਸਦੇ ਪੈਰੋਕਾਰਾਂ ਤੋਂ ਡਰ ਆਉਣ ਲੱਗਾ।

ਰਾਮਧਨ ਦੇ ਨਾਮ ਨਾਲ ਜ਼ਿੰਦਗੀ ਦਾ ਬਾਲਪਨ ਮਾਨਣ ਵਾਲੀ ਇਸ ਸਖ਼ਸ਼ੀਅਤ ਦੀ ਆਭਾ ਤੇ ਜਲੌ ਇਵੇਂ ਪਸਰਨ ਲੱਗਾ ਕਿ ਇਹ ਸਖ਼ਸ਼ੀਅਤ ਰਾਮ ਸਿੰਘ ਤੋਂ, ਭਾਈ ਰਾਮ ਸਿੰਘ, ਗੁਰੂ ਰਾਮ ਸਿੰਘ, ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਕਰਕੇ ਪੁਕਾਰਿਆ ਜਾਣ ਲੱਗਾ, ਤੇ ਇਸ ਕਰਮਯੋਧੇ ਦੀ ਕਰਮ ਭੂਮੀ ਜੋ ਕਦੇ ਭੈਣੀ ਕਰਕੇ ਜਾਣੀ ਜਾਂਦੀ ਸੀ, ਫਿਰ ਭੈਣੀ ਭੂੰਦੜ, ਭੈਣੀ ਆਲਾ, ਫਿਰ ਭੈਣੀ ਸਾਹਿਬ ਤੇ ਸ੍ਰੀ ਭੈਣੀ ਸਾਹਿਬ ਹੋ ਨਿੱਬੜਿਆ।

ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਕਾਰਨਾਮਿਆਂ ਤੇ ਸਥਾਪਤ ਕੀਤੇ ਕੀਰਤੀਮਾਨਾਂ ਨੂੰ ਵੇਖਿਆਂ, ਘੋਖਿਆਂ ਪਤਾ ਲੱਗਦਾ ਹੈ ਕਿ ਉਹ ਇੱਕ ਮਹਾਨ ਚਿੰਤਕ, ਗਹਿਰ ਗੰਭੀਰ ਨੀਤੀ-ਵੇਤਾ, ਸਿਰੜੀ ਸਮਾਜ ਸੁਧਾਰਕ, ਗੁਰਸਿੱਖੀ ਪ੍ਰੰਪਰਾਵਾਂ ਨੂੰ ਮੁੜ ਸੁਰਜੀਤ ਕਰਨ ਵਾਲਾ ਰਹਿਬਰ, ਰਹਿਨੁਮਾ, ਮਾਰਗ ਦਰਸ਼ਕ ਅਤੇ ਆਜ਼ਾਦੀ ਦੀ ਸ਼ਮ੍ਹਾਂ ਪ੍ਰਜਵਲਿਤ ਕਰਨ ਵਾਲੀ ਅਲਬੇਲੀ ਸਖ਼ਸ਼ੀਅਤ ਸੀ।

ਬਾਲਪਨ ਪਰਿਵਾਰਕ ਕਿੱਤੇ ਤੇ ਸਹਿਜਪਨ ਵਿੱਚ ਪਰਵਾਨ ਚੜ੍ਹਿਆ। ਚੜ੍ਹਦੀ ਵਰੇਸੇ ਕੰਵਰ ਨੌਨਿਹਾਲ ਸਿੰਘ ਦੀ ਪਲਟਨ ਵਿੱਚ ਰਹਿੰਦਿਆਂ ਫੌਜੀ ਜੀਵਨ ਬਸਰ ਕਰਦਿਆਂ ਫ਼ੌਜੀ ਨੀਤੀਆਂ ਦੀ ਘਾੜਤ ਘੜਨਾ, ਮੁਹਿੰਮਾਂ ਤੇ ਜਾਣਾ, ਇੱਕ ਸਖ਼ਤ ਅਨੁਸ਼ਾਸਨੀ ਜੀਵਨ ਜਿਊਣ ਵਾਲਾ ਬਤੀਤ ਕੀਤਾ।

ਫਿਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ, ਡੋਗਰੇ ਸਰਦਾਰਾਂ ਦੀ ਬੁਰਸ਼ਾਗਰਦੀ, ਖਾਨਾਜੰਗੀ, ਗਦਾਰੀਆਂ, ਸਿੱਖੀ ਦਾ ਪਤਿਤਪੁਣਾ, ਸਾਜ਼ਿਸ਼ਾਂ, ਕਤਲੋਗਾਰਤ, ਲੁੱਟਮਾਰ, ਆਚਰਨਹੀਣਤਾ, ਬੜਾ ਕੁਝ ਅਜਿਹਾ ਸੀ, ਜਿਸ ਨੇ ਇਸ ਸਖ਼ਸ਼ੀਅਤ ਦੇ ਦਿਲੋ ਦਿਮਾਗ ਤੇ ਗਹਿਰਾ ਅਸਰ ਕੀਤਾ। ਮੁਦਕੀ ਦੀ ਜੰਗ ਜਿਸ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ:-

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਇਸ ਜੰਗ ਵਿੱਚ ਆਪਣਿਆਂ ਵਲੋਂ, ਆਪਣਿਆਂ ਨਾਲ ਵਿਸ਼ਵਾਸਘਾਤ ਤੇ ਗ਼ੱਦਾਰੀ ਕਰਕੇ, ਗਹਿਗੱਚ ਜੰਗ ਦੌਰਾਨ, ਦੁਸ਼ਮਣਾਂ ਨਾਲ ਜਾ ਰਲਣਾ ਤੇ ਆਪਣਿਆਂ ਨੂੰ ਹੀ ਹਰਾ ਦੇਣਾ, ਅਜਿਹੀਆਂ ਘਟਨਾਵਾਂ ਇਸ ਸ਼ਖ਼ਸੀਅਤ ਦੀਆਂ ਅੱਖਾਂ ਸਾਹਮਣੇ ਵਾਪਰੀਆਂ ਤੇ ਫਿਰ-ਫੌਜੀ ਜੀਵਨ ਨੂੰ ਤਿਲਾਂਜਲੀ ਦੇ ਵਾਪਸ ਆਪਣੇ ਪਿੰਡ ਭੈਣੀ ਆ ਗਏ, ਤੇ ਚਿੰਤਨ ਸ਼ੁਰੂ ਕੀਤਾ।

ਅੱਜ ਦੇ ਸ੍ਰੀ ਭੈਣੀ ਸਾਹਿਬ ਵਿੱਚ ਇੱਕ ਇਤਿਹਾਸਿਕ ਤੇ ਪਵਿੱਤਰ ਅਸਥਾਨ ਹੈ- 'ਅਕਾਲ ਬੁੰਗਾ'। ਇਹ ਉਹ ਅਸਥਾਨ ਹੈ, ਜੋ ਉਸ ਸਮੇਂ ਪਿੰਡ ਦੀ ਵਸੋਂ ਤੋਂ ਬਾਹਰ, ਬਿਰਖਾਂ ਅਤੇ ਝਾੜੀਆਂ ਨਾਲ ਘਿਰਿਆ ਹੋਇਆ ਸੀ, ਤੇ ਇੱਕ ਇਕਾਂਤ ਤੇ ਅਟੰਕ ਅਸਥਾਨ ਸੀ। ਜਿੱਥੇ ਪਰਿੰਦਿਆਂ ਦੀਆਂ ਮਧੁਰ ਆਵਾਜ਼ਾਂ, ਪੱਤਿਆਂ ਦੀ

ਸਰਸਰਾਹਟ ਤੇ ਬੀਂਡਿਆਂ ਦਾ ਮਧੁਰ ਸੰਗੀਤ ਹੀ ਸੁਨਣ ਨੂੰ ਮਿਲਦਾ ਸੀ।

ਇਸ ਅਸਥਾਨ ’ਤੇ ਕੱਚੀਆਂ ਇੱਟਾਂ ਦਾ ਇੱਕ ਥੜ੍ਹਾ ਬਣਾਇਆ, ਜਿਸਦੇ ਚੁਫੇਰੇ ਇੱਕ ਖਾਈ ਖੋਦੀ ਗਈ, ਜਿਸ ਨੂੰ ਸਵੱਛ ਜਲ ਨਾਲ ਭਰ ਦਿੱਤਾ ਜਾਂਦਾ, ਤਾਂ ਕਿ ਕੋਈ ਕੀੜਾ, ਪਤੰਗਾ ਜਾਂ ਹੋਰ ਜੀਵ ਇਕਾਗਰਤਾ ਨੂੰ ਭੰਗ ਕਰਕੇ ਚਿੰਤਨ ਵਿੱਚ ਵਿਘਨ ਨਾ ਪਾ ਸਕੇ।

ਰਾਤ ਦੇ ਪਹਿਲੇ ਪਹਿਰ, ਜਦੋਂ ਸਾਰਾ ਪਿੰਡ ਘੂਕ ਸੁੱਤਾ ਹੁੰਦਾ, ਉਨ੍ਹਾਂ ਨੀਂਦ ਦੇ ਸੁੱਖ ਤਿਆਗ ਉੱਠ ਖਲੋਣਾ। ਡੋਲ, ਡੋਰੀ ਚੁੱਕਣਾ, ਕੱਛ ਪਰਨਾ ਮੋਢੇ ਤੇ ਰੱਖਣਾ, ਅਛੋਪਲੇ ਜਿਹੇ, ਪੋਲੇ ਪੈਰੀਂ, ਘਰ ’ਚੋਂ ਨਿਕਲ ਗਲੀਆਂ ਵਿੱਚੀਂ ਲੰਘ, ਪਿੰਡੋਂ ਪਰੇਰੇ ਇੱਕ ਖੂਹ ਤੇ ਇਸ਼ਨਾਨ ਕਰਨਾ, ਥੜ੍ਹੇ ਉਦਾਲੇ ਬਣਾਈ ਖਾਈ ਨੂੰ ਪਾਣੀ ਨਾਲ ਭਰਨਾ ਤੇ ਥੜ੍ਹੇ ’ਤੇ ਆਸਣ ਵਿਛਾ, ਇਕਾਗਰ ਹੋ ਸਿਮਰਨ 'ਚ ਜੁੜ ਜਾਣਾ। ਜ਼ਰਾ ਲੋਅ ਲੱਗਣੀ, ਪੋਥੀ ਤੋਂ ਪਾਠ ਕਰਨਾ, ਫਿਰ ਪੁਰਾਤਨ ਗ੍ਰੰਥਾਂ ਦਾ ਪਾਠ ਪਠਨ, ਨੀਤੀ ਗ੍ਰੰਥਾਂ ਦਾ ਅਧਿਐਨ, ਭੂਤ ਕਾਲ ਦੀਆਂ ਘਟਨਾਵਾਂ ਦਾ ਮੁਲੰਕਣ, ਵਰਤਮਾਨ 'ਚ ਵਾਪਰ ਰਹੀਆਂ ਘਟਨਾਵਾਂ ਦੀ ਘੋਖ-ਪੜਤਾਲ ਤੇ ਭਵਿੱਖ ਦੇ ਪ੍ਰੋਗਰਾਮਾਂ ਲਈ ਚਿੰਤਨ ਕਰਨਾ।

ਕੰਵਰ ਨੌਨਿਹਾਲ ਸਿੰਘ ਦੀ ਪਲਟਨ ਵਿੱਚ ਰਹਿੰਦਿਆਂ ਸਤਿਗੁਰੂ ਜੀ ਦੀ ਸਰਬੰਗੀ ਸ਼ਖ਼ਸੀਅਤ ਨੇ ਬਹੁਤੇ ਸਾਥੀਆਂ ਨੂੰ ਕੀਲ ਲਿਆ ਸੀ। ਜਿਉਂ-ਜਿਉਂ ਇਸ ਮਹਾਨ ਚਿੰਤਕ ਦਾ ਚਿੰਤਨ ਗਹਿਰਾ ਹੁੰਦਾ ਗਿਆ, ਕਨਸੋਅ ਚੁਫੇਰੇ ਫੈਲਣ ਲੱਗੀ। ਦਰਸ਼ਨ ਅਭਿਲਾਸ਼ੀਆਂ ਦਾ ਤਾਂਤਾ ਲੱਗਣ ਲੱਗਾ।

ਪਹਿਲਾ ਕੰਮ ਸਤਿਗੁਰੂ ਜੀ ਨੇ ਇਹ ਕੀਤਾ ਕਿ ਜੋ ਵੀ ਆਪ ਜੀ ਦੇ ਦਰਸ਼ਨਾਂ ਨੂੰ ਆਉਂਦਾ, ਉਸ ਨੂੰ ਅਮੀਰ ਸਿੱਖੀ ਵਿਰਸੇ ਤੇ ਪ੍ਰੰਪਰਾਵਾਂ ਪ੍ਰਤੀ ਸੁਚੇਤ ਕਰਦੇ। ਅੰਮ੍ਰਿਤ ਵੇਲੇ ਉੱਠਣ, ਸਣਕੇਸੀ ਇਸ਼ਨਾਨ ਕਰਨ ਅਤੇ ਨਾਮ ਦਾ ਰਸ ਮਾਨਣ ਸੰਬੰਧੀ ਤਾਗੀਦ ਕਰਦੇ। ਇਹ ਵੀ ਹੁਕਮ ਕਰਦੇ ਕਿ ਜ਼ਰਾ ਲੋਅ ਲੱਗਣ ’ਤੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰੋ। ਕੁੜੀਮਾਰ, ਨੜੀਮਾਰ ਨਾਲ ਬਿਲਕੁਲ ਮਿਲਵਰਤਨ ਨਹੀਂ ਕਰਨਾ। ਮਾਸ ਸ਼ਰਾਬ ਦੇ ਪ੍ਰਹੇਜ਼ਗਾਰ ਬਣੋ। ਲੜਕੀਆਂ ਨੂੰ ਗੁਰਮੁਖੀ ਪੜ੍ਹਾਓ। ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਕਰੋ ਅਤੇ ਲੋੜਵੰਦ ਦੀ ਮਦਦ ਕਰੋ। ਸਾਡੇ ਸਤਿਗੁਰੂਆਂ ਨੇ ਵਿਆਜ ਲੈਣ ਦੀ ਮਨਾਹੀ ਕੀਤੀ ਹੋਈ ਹੈ। ਜਿੱਥੇ-ਜਿੱਥੇ ਵੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਹਨ, ਉਨ੍ਹਾਂ ਦਾ ਪ੍ਰਕਾਸ਼ ਕਰੋ ਅਤੇ ਪਾਠ ਕਰੋ। ਬਾਣੀ ਪੜ੍ਹੋਗੇ, ਨਾਮ ਜਪੋਗੇ ਤਾਂ ਤੁਹਾਡੀ ਜ਼ਿੰਦਗੀ ਵਿੱਚ ਤਬਦੀਲੀ ਆਪਣੇ ਆਪ ਆਉਣੀ ਸ਼ੁਰੂ ਹੋ ਜਾਵੇਗੀ।

ਸ੍ਰੀ ਭੈਣੀ ਸਾਹਿਬ ਆਉਣ ਵਾਲਾ ਹਰ ਦਰਸ਼ਨ ਅਭਿਲਾਖੀ ਸਤਿਗੁਰੂ ਜੀ ਦਾ ਉਪਰੋਕਤ ਉਪਦੇਸ਼ ਸੁਣ ਕੀਲਿਆ ਜਾਂਦਾ। ਵੇਖਦਿਆਂ ਵੇਖਦਿਆਂ ਇਨ੍ਹਾਂ ਨਾਮ ਜਪਣ ਵਾਲਿਆਂ ਅਤੇ ਬਾਣੀ ਪੜ੍ਹਨ ਵਾਲਿਆਂ ਦਾ ਕਾਫ਼ਲਾ ਵਧਦਾ ਗਿਆ।

ਸਤਿਗੁਰੂ ਜੀ ਵਿਚਾਰ ਕਰ ਰਹੇ ਸਨ ਕਿ ਹੁਣ ਇੱਕ ਵਿਉਂਤ-ਬੱਧ ਜਥੇਬੰਦਕ ਸਮਾਜ ਸਿਰਜਣਾ ਦਾ ਸਮਾਂ ਆ ਗਿਆ ਹੈ। ਇਸ ਵਾਸਤੇ 1857 ਈ. ਦੀ ਵੈਸਾਖੀ ਦਾ ਦਿਨ ਮਿਥਿਆ ਗਿਆ। ਸੰਗਤਾਂ ਨੂੰ ਵੈਸਾਖੀ ’ਤੇ ਹੁੰਮ-ਹੁਮਾ ਕੇ ਸ੍ਰੀ ਭੈਣੀ ਸਾਹਿਬ ਪਹੁੰਚਣ ਸੀ ਤਾਕੀਦ ਕੀਤੀ ਗਈ। ਸੰਗਤ ਆਈ ਵੀ ਭਰਪੂਰ ਗਿਣਤੀ ਵਿੱਚ।

ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸਤਿਗੁਰੂ ਜੀ ਨੇ ਸੰਗਤਾਂ ਦੇ ਭਰਪੂਰ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਬਹੁਤ ਉੱਚੀਆਂ-ਸੁੱਚੀਆਂ ਪ੍ਰੰਪਰਾਵਾਂ ਦੀ ਧਾਰਨੀ ਹੈ। ਅਸੀਂ ਸਿੱਖੀ ਦੀਆਂ ਉਨ੍ਹਾਂ ਕਦਰਾਂ ਕੀਮਤਾਂ ਤੇ ਪ੍ਰੰਪਰਾਵਾਂ ਨੂੰ ਮੁੜ ਸੁਰਜੀਤ ਕਰਨਾ ਹੈ ਤੇ ਕਾਇਮ ਰੱਖਣਾ ਹੈ। ਸਤਿਗੁਰੂ ਜੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਸਿੱਖੀ ਤੋਂ ਅਵੇਸਲੇ ਅਤੇ ਪਤਿਤ ਹੋਣ ਕਰਕੇ ਹੀ ਸਿੱਖ ਰਾਜ ਦਾ ਪਤਨ ਹੋਇਆ ਹੈ ਅਤੇ ਫਿਰੰਗੀਆਂ ਨੇ ਸਿੱਖਾਂ ਦਾ ਰਾਜ ਭਾਗ ਹਥਿਆ ਲਿਆ ਹੈ। ਇਹ ਰਾਜ ਭਾਗ ਮੁੜ ਲੈਣ ਵਾਸਤੇ ਸਾਨੂੰ ਸਭ ਨੂੰ ਪਹਿਲੋਂ ਸਿੱਖੀ ਪ੍ਰੰਪਾਰਵਾਂ ਨਾਲ ਜੁੜਨਾ ਹੋਏਗਾ ਅਤੇ ਨਾਮ ਬਾਣੀ ਦੇ ਨਿਤਨੇਮੀ ਬਣਨਾ ਹੋਵੇਗਾ।

ਸਤਿਗੁਰੂ ਜੀ ਦੀ ਮਿਕਨਾਤੀਸੀ ਸ਼ਖ਼ਸੀਅਤ ਅਤੇ ਸੱਚੇ ਬਚਨ ਸੰਗਤਾਂ ਦੇ ਧੁਰ ਅੰਦਰ ਤੱਕ ਅਸਰ ਕਰ ਰਹੇ ਸਨ। ਸਤਿਗੁਰੂ ਜੀ ਨੇ ਸੰਗਤਾਂ ਨੂੰ ਸਿੱਖੀ ਰਹਿਤ ਮਰਿਯਾਦਾ ਬਾਰੇ ਦੱਸਦਿਆਂ ਪੁੱਛਿਆ, ਤੁਹਾਡੇ ਵਿੱਚੋਂ ਕਿੰਨੇ ਕੁ ਹਨ ਜੋ ਇਸ ਰਹਿਤ ਮਰਿਯਾਦਾ ਦੇ ਧਾਰਨੀ ਹਨ, ਸੰਗਤਾਂ ਵਿੱਚ ਚੁੱਪ ਪਸਰ ਗਈ। ਸਤਿਗੁਰੂ ਜੀ ਨੇ ਇੱਕ ਵਾਰ ਫਿਰ ਸੰਗਤਾਂ ਨੂੰ ਮੁਖਾਤਿਬ ਹੁੰਦਿਆਂ ਇਹੀ ਸਵਾਲ ਦੁਹਰਾਇਆ।

ਵੇਖਦਿਆਂ-ਵੇਖਦਿਆਂ ਹੀ ਸੰਗਤਾਂ ਦੇ ਵਿਸ਼ਾਲ ਇਕੱਠ ’ਚੋਂ ਤਿੰਨ ਸਿੰਘ ਹੀ ਉੱਠੇ ਤੇ ਹੱਥ ਜੋੜ ਕੇ ਖੜ੍ਹੇ ਹੋ ਗਏ-

ਇੱਕ- ਜਮੀਅਤ ਸਿੰਘ ਕਾਨ੍ਹਾ ਕਾਛਾ (ਹੁਣ ਪਾਕਿਸਤਾਨ)

ਦੂਸਰੇ- ਲਹਿਣਾ ਸਿੰਘ ਘਰਜਾਖ (ਹੁਣ ਪਾਕਿਸਤਾਨ)
ਤੀਸਰੇ- ਜਮੀਅਤ ਸਿੰਘ ਗਿੱਲ (ਗਿੱਲ ਹੁਣ ਪਾਕਿਸਤਾਨ)

ਸਤਿਗੁਰੂ ਜੀ ਨੇ ਇਕੱਲੇ ਇਕੱਲੇ ਨੂੰ ਰਹਿਤ ਮਰਿਯਾਦਾ ਬਾਰੇ, ਕਕਾਰਾਂ ਬਾਰੇ, ਨਿਤਨੇਮ ਬਾਰੇ ਪੁੱਛਿਆ। ਫਿਰ ਇਕੱਲੇ-ਇਕੱਲੇ ਤੋਂ ਉਨ੍ਹਾਂ ਦੀ ਕਿਰਤ ਬਾਰੇ ਪੁੱਛਿਆ। ਜਮੀਅਤ ਸਿੰਘ ਗਿੱਲ ਹੁਰਾਂ ਦੱਸਿਆ ਕਿ ਉਹ ਵਿਆਜੂ ਪੈਸੇ ਦਿੰਦੇ ਹਨ, ਇਹੀਓ ਉਨ੍ਹਾਂ ਦੀ ਆਮਦਨ ਦਾ ਸਾਧਨ ਹੈ।

ਸਤਿਗੁਰੂ ਜੀ ਨੇ ਬਚਨ ਕੀਤਾ, ਗੁਰਮਤਿ ਅਨੁਸਾਰ ਵਿਆਜ ਜਾਂ ਸੂਦ ਲੈਣ ਦੀ ਮਨਾਹੀ ਹੈ। ਤੁਹਾਡੇ ਵਾਲੀ ਕਿਰਤ ਵਿੱਚ ਕੱਚ ਹੈ। ਇਸ ਕਿਰਤ ਨੂੰ ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਨਹੀਂ ਕਿਹਾ ਜਾ ਸਕਦਾ। ਤੁਸੀਂ ਤਾਂ ਪੂਰੇ ਨਹੀਂ ਅੱਧੇ ਸਿੱਖ ਹੋ। ਇਸ ਤਰ੍ਹਾਂ 1857 ਦੀ ਵੈਸਾਖੀ ਦੇ ਦਿਹਾੜੇ ’ਤੇ ਆਈ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚੋਂ ਸਤਿਗੁਰੂ ਜੀ ਨੂੰ ਕੇਵਲ ਢਾਈ ਸਿੱਖ ਲੱਭੇ, ਜਿਨ੍ਹਾਂ ਨੇ ਗੁਰੂ ਆਸ਼ੇ ਅਨੁਸਾਰ ਸਿੱਖੀ ਸੰਭਾਲੀ ਹੋਈ ਸੀ।

ਫਿਰ ਸਤਿਗੁਰੂ ਜੀ ਨੇ ਸਿੱਖ ਦੀ ਰਹਿਣੀ ਬਹਿਣੀ ਤੇ ਕਹਿਣੀ ਬਾਰੇ ਭਰਪੂਰ ਚਾਨਣਾ ਪਾਇਆ ਅਤੇ ਸੰਗਤਾਂ ’ਚੋਂ ਆਪ ਪੰਜ ਸਿੰਘ ਚੁਣੇ, ਜਿਨ੍ਹਾਂ ਦੇ ਨਾਮ ਸਨ- ਭਾਈ ਕਾਹਨ ਸਿੰਘ ਨਿਹੰਗ, (ਪਿੰਡ ਚੱਕ ਰਿਆਸਤ ਮਲੇਰਕੋਟਲਾ), ਭਾਈ ਲਾਭ ਸਿੰਘ ਰਾਗੀ, (ਅੰਮ੍ਰਿਤਸਰ), ਭਾਈ ਨੈਣਾ ਸਿੰਘ, (ਪਿੰਡ ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ), ਭਾਈ ਆਤਮਾ ਸਿੰਘ (ਪਿੰਡ ਆਲੋ ਮੁਹਾਰ ਜ਼ਿਲ੍ਹਾ ਸਿਆਲਕੋਟ), ਭਾਈ ਸੁੱਧ ਸਿੰਘ (ਦੁਰਗਾਪੁਰ, ਜ਼ਿਲ੍ਹਾ ਜਲੰਧਰ)।

ਇਹਨਾਂ ਪੰਜ ਸਿੰਘਾਂ ਨੂੰ ਸਤਿਗੁਰੂ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁੱਕੀ ਸਿੱਖੀ ਮੁੜ ਸੁਰਜੀਤ ਕੀਤੀ ਅਤੇ ਨਾਮ ਦਿੱਤਾ 'ਸੰਤ ਖਾਲਸਾ'।

ਸਾਰੀਆਂ ਸੰਗਤਾਂ ਨੂੰ ਅੰਮ੍ਰਿਤ ਛਕਣ ਦਾ ਹੁਕਮ ਕਰਦਿਆਂ, ਤੜਕੇ ਉੱਠ ਮੈਦਾਨ ਜਾਇਕੇ, ਦਾਤਨ ਕਰ ਸਣੇਕੇਸੀ ਇਸ਼ਨਾਨ ਕਰਨ, ਸਿਮਰਨ ਕਰਨ, ਬਾਣੀ ਪੜ੍ਹਨ ਅਤੇ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਅਤੇ ਬਚਨ ਕੀਤਾ “ਏਸੇ ਵਿੱਚ ਹੀ ਬਰਕਤ ਅਤੇ ਸਤਿ ਸੰਤੋਖ ਹੋਵੇਗਾ। ” ਹੁਕਮ ਕੀਤਾ ਜਿਹੜਾ ਕੁੜੀਮਾਰ-ਨੜੀਮਾਰ ਨਾਲ ਵਰਤੇਗਾ ਸੋ ਤਨਖਾਹੀਆ ਹੋਵੇਗਾ। ਧੀਆਂ ਭੈਣਾਂ ਨੂੰ ਵੇਚਣਾ ਨਹੀਂ ਵੱਟਾ ਨਹੀਂ ਕਰਨਾ। ਲੜਕੀਆਂ ਨੂੰ ਸੁਰਤ ਸੰਭਾਲਦਿਆਂ ਗੁਰਮੁਖੀ ਅੱਖਰ ਪੜ੍ਹਾਉਣੇ। ਹੱਥ ਦੇ ਬੁਣੇ ਸਫੈਦ ਖੱਦਰ ਦੇ ਕੱਪੜੇ ਪਹਿਰਨੇ। ਸਰਕਾਰੀ ਰੇਲਾਂ, ਸੜਕਾਂ, ਨਹਿਰਾਂ, ਡਾਕਖਾਨਿਆਂ ਦਾ ਬਾਈਕਾਟ ਕਰਨਾ। ਕਚਹਿਰੀਆਂ ਵਿੱਚ ਨਹੀਂ ਜਾਣਾ। ਆਪਣੇ ਝਗੜੇ ਆਪਣੀ ਪੰਚਾਇਤ ਵਿੱਚ ਹੀ ਮੁਕਾਓ। ਫਿਰੰਗੀ ਦੀ ਨੌਕਰੀ ਨਹੀਂ ਕਰਨੀ। ਫਿਰੰਗੀ ਨੂੰ ਸਲਾਮ ਨਹੀਂ ਕਰਨੀ, ਫਿਰੰਗੀ ਦੀ ਈਨ ਨਹੀਂ ਮੰਨਣੀ।

ਸਤਿਗੁਰੂ ਜੀ ਨੇ ਸੰਗਤਾਂ ਦੇ ਵਿਸ਼ਾਲ ਇਕੱਠ ਵਿੱਚ ਆਜ਼ਾਦੀ ਤੇ ਸ਼ਾਂਤੀ ਦਾ ਪ੍ਰਤੀਕ ਸਫੈਦ ਤਿਕੋਣਾ ਝੰਡਾ ਚੜ੍ਹਾਇਆ। ਸੰਗਤਾਂ ਸਤਿਗੁਰੂ ਜੀ ਦਾ ਉਪਦੇਸ਼ ਲੈ ਡਾਢੀ ਤਸੱਲੀ ਤੇ ਚੜ੍ਹਦੀ ਕਲਾ ਨਾਲ ਘਰੋ ਘਰੀਂ ਪਰਤੀਆਂ। ਹੁਣ ਸਤਿਗੁਰੂ ਜੀ ਦੇ ਧਰਮ ਪ੍ਰਚਾਰ ਲਈ ਦੌਰੇ ਵੀ ਸ਼ੁਰੂ ਹੋ ਗਏ। ਵੱਖ-ਵੱਖ ਥਾਵਾਂ ਦੀ ਸੰਗਤ ਅਰਜ਼ ਕਰਕੇ ਆਪਣੇ ਇਲਾਕੇ ਵਿੱਚ ਸਤਿਗੁਰੂ ਜੀ ਨੂੰ ਬੁਲਾਉਂਦੀ, ਵੱਡੇ ਇਕੱਠ ਹੁੰਦੇ, ਰਾਗੀ ਕੀਰਤਨ ਕਰਦੇ, ਜਥੇਦਾਰ ਦੀਵਾਨ ਲਾਉਂਦੇ, ਇਵੇਂ ਦਿਨੋ ਦਿਨ ਸਿੱਖੀ ਦਾ ਪ੍ਰਚਾਰ ਹੋਣ ਲੱਗਾ ਤੇ ਸੰਗਤਾਂ ਨਾਮ ਬਾਣੀ ਨਾਲ ਜੁੜਨ ਲੱਗੀਆਂ। ਸਿੱਖੀ ਦਾ ਪ੍ਰਚਾਰ ਕਰਨ ਅਤੇ ਪ੍ਰਬੰਧ ਕਰਨ ਲਈ ਸਤਿਗੁਰੂ ਜੀ ਨੇ ਵੱਖਰੇ-ਵੱਖਰੇ ਇਲਾਕਿਆਂ ਲਈ ਪੰਜ ਸੂਬਿਆਂ ਦੀ ਸਥਾਪਨਾ ਕੀਤੀ, ਬਾਅਦ ਵਿੱਚ ਸਤਾਰਾਂ ਸੂਬੇ ਹੋਰ ਥਾਪੇ ਗਏ ਅਤੇ ਬਾਈ ਸੂਬੇ ਵੱਖ-ਵੱਖ ਇਲਾਕਿਆਂ ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਅਤੇ ਸੰਗਤਾਂ ਨੂੰ ਫਿਰੰਗੀਆਂ ਦੀ ਕੂਟਨੀਤੀ ਬਾਰੇ ਦੱਸਦੇ।

ਗਹਿਰੀ ਨੀਝ ਨਾਲ ਦੇਖੀਏ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਕੀਤਾ ਹਰ ਕੰਮ ਹੀ ਨਿਵੇਕਲਾ ਅਤੇ ਇਨਕਲਾਬੀ ਸੀ। ਜਿਉਂ ਹੀ ਫਿਰੰਗੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਦੇ ਰਾਜਭਾਗ ਨੂੰ ਹਥਿਆਇਆ ਉਨ੍ਹਾਂ ਨੇ ਪੰਜਾਬੀਆਂ ਨੂੰ ਸ਼ਸਤਰਹੀਨ ਕਰਨ ਲਈ ਕਾਨੂੰਨ ਬਨਾਉਣੇ ਸ਼ੁਰੂ ਕਰ ਦਿੱਤੇ। ਪੰਜਾਬੀਆਂ ਨੂੰ ਆਪਣੇ ਹਥਿਆਰ ਬੰਦੂਕ, ਤਲਵਾਰ, ਨੇਜੇ ਭਾਲੇ, ਨੇੜੇ ਦੇ ਥਾਣੇ ਵਿੱਚ ਜਮ੍ਹਾਂ ਕਰਵਾਉਣ ਦੇ ਹੁਕਮ ਨਾਦਰ ਕਰ ਦਿੱਤੇ ਗਏ। ਹਰ ਕਿਸਮ ਦਾ ਹਥਿਆਰ ਰੱਖਣ ਦੀ ਮਨਾਹੀ ਕਰ ਦਿੱਤੀ ਗਈ। ਮੁਖ਼ਬਰਾਂ ਦੀ ਮੁਖ਼ਬਰੀ ਤੇ ਸ਼ੱਕੀ ਵਿਅਕਤੀਆਂ ਦੇ ਘਰਾਂ, ਹਵੇਲੀਆਂ ਦੀ ਤਲਾਸ਼ੀ ਲਈ ਗਈ। ਜਿਨ੍ਹਾਂ ਕੋਲੋਂ ਤਲਾਸ਼ੀ ਦੌਰਾਨ ਹਥਿਆਰ ਬਰਾਮਦ ਹੋਏ ਉਨ੍ਹਾਂ ਨੂੰ ਵੱਡੇ ਜ਼ੁਰਮਾਨੇ ਕੀਤੇ ਗਏ। ਗੱਲ ਕੀ ਹਰ ਪੰਜਾਬੀ ਸ਼ਸਤਰਹੀਨ ਕਰ ਦਿਤਾ ਗਿਆ।

**ਸਫਾਜੰਗ :** ਸਤਿਗੁਰੂ ਜੀ ਨੇ ਆਪਣੀ ਸੂਝ-ਬੂਝ ਨਾਲ ਸੰਗਤਾਂ ਨੂੰ ਸਫਾਜੰਗ (ਟਕੂਆ) ਰੱਖਣ ਦੀ ਆਗਿਆ ਕੀਤੀ। ਸਫਾਜੰਗ ਜੋ ਹਥਿਆਰ ਹੈ ਵੀ ਸੀ ਪਰ ਹਥਿਆਰ ਲਗਦਾ ਵੀ ਨਹੀਂ ਸੀ। ਆਮ ਤੌਰ ’ਤੇ ਸਫਾਜੰਗ ਨੂ ਕਿੱਕਰ ਫਲਾਹ ਤੋਂ ਦਾਤਨ ਕੱਟਣ ਲਈ ਵਰਤਿਆ ਜਾਂਦਾ ਸੀ, ਪਰ

ਲੋੜ ਪੈਣ ਤੇ ਇਹੀਓ ਸਫਾ-ਜੰਗ ਦੁਸ਼ਮਣ ਲਈ ਮਾਰੂ ਹਥਿਆਰ ਦਾ ਕੰਮ ਕਰਦਾ ਸੀ।

**ਗੜਵਾ :** ਅਕਸਰ ਦੇਖਿਆ ਗਿਆ ਹੈ ਪੁਰਾਤਨ ਸਮਿਆਂ ਤੋਂ ਭਾਰਤ ਵਰਸ਼ ਵਿਚ ਅਧਿਆਤਮਕ ਸ਼ਖ਼ਸੀਅਤਾਂ ਜਲ ਸਰੋਤਾਂ ਤੇ ਜਲ ਸੋਮਿਆਂ ਨੂੰ ਬਹੁਤ ਮਹੱਤਵ ਦੇਂਦੀਆਂ ਆ ਰਹੀਆਂ ਹਨ। ਪੁਰਾਤਨ ਰਿਸ਼ੀ, ਮੁਨੀ ਅਤੇ ਸਾਧੂ-ਸੰਤਾਂ ਦੇ ਆਸ਼ਰਮ ਨਦੀਆਂ, ਦਰਿਆਵਾਂ, ਝਰਨਿਆਂ ਦੇ ਆਸ-ਪਾਸ ਹੀ ਸਥਾਪਤ ਸਨ। ਗੁਰੂ ਨਾਨਕ ਪਾਤਸ਼ਾਹ ਨਾਲ ਸੁਲਤਾਨਪੁਰ ਦੀ ਵੇਈਂ ਨਦੀ, ਗੁਰੂ ਅੰਗਦ, ਗੁਰੂ ਅਮਰਦਾਸ ਜੀ ਨਾਲ ਗੋਇੰਦਵਾਲ ਦੀ ਬਉਲੀ ਅਤੇ ਬਿਆਸ ਦਰਿਆ, ਗੁਰੂ ਰਾਮਦਾਸ ਜੀ ਨਾਲ ਅੰਮ੍ਰਿਤ ਸਰੋਵਰ, ਪੰਚਮ ਪਾਤਸ਼ਾਹ ਗੁਰੂ ਅਰਜਨ ਜੀ ਨਾਲ ਤਰਨਤਾਰਨ ਦੇ ਵਿਸ਼ਾਲ ਸਰੋਵਰ ਦਾ ਜਿਕਰ ਆਉਂਦਾ ਹੈ। ਕੀਰਤਪੁਰ, ਅਨੰਦਪੁਰ ਸਾਹਿਬ ਸਿਰਸਾ ਨਦੀ ਦੇ ਕੰਢਿਆਂ 'ਤੇ, ਪਾਉਂਟਾ ਸਾਹਿਬ ਯਮੁਨਾ ਦੇ ਆਸ ਪਾਸ ਅਤੇ ਨਾਦੇੜ ਗੁਦਾਵਰੀ ਦੇ ਕੰਢਿਆਂ 'ਤੇ ਵਸਿਆ ਹੋਇਆ ਹੈ। ਅਕਸਰ ਧਾਰਮਿਕ ਮਰਿਯਾਦਾ ਵਿਚ ਅਖੰਡ ਪਾਠ, ਸਹਿਜ ਪਾਠ ਅਤੇ ਹਵਨ ਵਿਚ ਵੀ ਧੂਪ, ਦੀਪ, ਕੁੰਭ ਦਾ ਖ਼ਾਸ ਮਹੱਤਵ ਹੈ। ਜਲ ਹੈ ਵੀ ਹਰ ਜੀਵਤ ਪ੍ਰਾਣੀ ਲਈ ਜ਼ਿੰਦਗੀ। ਗੁਰਬਾਣੀ ਵਿਚ ਵਰਣਨ ਹੈ।

"ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥"
ਅਤੇ
"ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥"

ਭਾਵ ਪਾਣੀ ਨੂੰ ਪਿਤਾ ਦੀ ਸੰਗਿਆ ਦਿਤੀ ਗਈ ਹੈ ਜੋ ਹਰ ਜੀਵ ਦੀ ਪਿਤਾ ਵਾਂਗ ਰੱਖਿਆ ਕਰਦਾ ਹੈ ਅਤੇ ਇਸਦੀ ਅਣਹੋਂਦ ਨਾਲ

"ਜਲ ਬਿਨੁ ਸਾਖ ਕੁਮਲਾਵਤੀ"

ਭਾਵ ਜ਼ਿੰਦਗੀ ਕੁਮਲਾ ਜਾਂਦੀ ਹੈ, ਖ਼ਤਮ ਹੋ ਜਾਂਦੀ ਹੈ। ਏਸੇ ਲਈ ਸਾਧੂ ਸੰਤ ਰਿਸ਼ੀ ਮੁਨੀ ਆਪਣੇ ਪਾਸ ਜਲ ਦਾ ਕਰਮੰਡਲ, ਲੋਟਾ, ਚਿੱਪੀ ਜਾਂ ਮਿੱਟੀ ਦਾ ਕੁੱਜਾ ਰੱਖਿਆ ਕਰਦੇ ਸਨ। ਫਰੀਦ ਸਾਹਿਬ ਨੇ ਵੀ ਆਪਣੇ ਸਲੋਕਾਂ ਵਿਚ ਜ਼ਿਕਰ ਕੀਤਾ ਹੈ। "ਅਜੁ ਫਰੀਦੈ ਕੂਜੜਾ ਸੈ ਕਹਾਂ ਥੀਓਮਿ॥"

ਫਰੀਦ ਸਾਹਿਬ ਬਜ਼ੁਰਗੀ ਦਾ ਜ਼ਿਕਰ ਕਰਦੇ ਹਨ। ਜਲ ਦਾ ਭਰਿਆ ਕੁੱਜਾ ਮੇਰੇ ਪਾਸ ਪਿਆ ਹੈ ਪਰ ਹਾਲਤ ਅਜਿਹੀ ਹੈ ਕਿ ਮੈਨੂੰ ਆਪਣੀ ਪਹੁੰਚ ਤੋਂ ਸੌ ਕੋਹ ਦੂਰ ਜਾਪ ਰਿਹਾ ਹੈ।

ਪਰ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸੇ ਨੂੰ 'ਗੜਵਾ' ਇਕ ਇਨਕਲਾਬੀ ਬਰਤਨ ਦਿੱਤਾ। 'ਗੜਵਾ' ਜਿਸਦਾ ਡਿਜਾਈਨ ਤੇ ਰੂਪ ਰੇਖਾ ਸਤਿਗੁਰੂ ਜੀ ਦੀ ਇਨਕਲਾਬੀ ਸੋਚ ਦੀ ਘਾੜਤ ਹੈ। ਗੜਵਾ ਬਰਤਨ ਵੀ ਹੈ ਤੇ ਹਥਿਆਰ ਵੀ। ਕੋਲ ਗੜਵਾ ਹੋਵੇ ਕਿਸੇ ਵੀ ਖੂਹ 'ਚੋਂ ਜਲ ਕੱਢ ਕੇ ਛਕਿਆ ਜਾ ਸਕਦਾ ਹੈ ਅਤੇ ਕਿਸੇ ਪਿਆਸੇ ਨੂੰ ਜਲ ਛਕਾਇਆ ਜਾ ਸਕਦਾ ਹੈ। ਗੜਵਾ ਇਕ ਅਜਿਹਾ ਬਰਤਨ ਹੈ ਜਿਸ ਵਿਚ ਕੋਈ ਵੀ ਪਦਾਰਥ ਪਾ ਕੇ ਬੰਦਾ ਨਿਸ਼ਚਿੰਤ ਹੋ ਸਕਦਾ ਹੈ ਕਿਉਂਕਿ ਗੜਵਾ ਜੇ ਉਲਟ ਵੀ ਜਾਵੇ ਤਾਂ ਇਸ ਵਿੱਚ ਪਿਆ ਸਾਰਾ ਪਦਾਰਥ ਡੁੱਲਦਾ ਨਹੀਂ। ਤਕਰੀਬਨ ਚੌਥਾ ਕੁ ਹਿੱਸਾ ਹੀ ਡੁੱਲਦਾ ਹੈ, ਬਾਕੀ ਬਚਿਆ ਰਹਿੰਦਾ ਹੈ। ਜੇਕਰ ਗੜਵਾ ਕਿਸੇ ਸਿੱਖ ਦੇ ਹੱਥ ਵਿਚ ਹੈ ਤਾਂ ਉਹ ਨਿਹੱਥਾ ਵੀ ਨਹੀਂ, ਗੜਵਾ ਹਥਿਆਰ ਵੀ ਹੈ ਤੇ ਢਾਲ ਵੀ, ਕਿਤੇ ਕੋਈ ਛੋਟਾ-ਮੋਟਾ ਹਮਲਾ ਹੋ ਜਾਵੇ ਤਾ ਭੁਆਂ ਕੇ ਸਿਰ 'ਚ ਮਾਰਿਆ ਗੜਵਾ, ਅਗਲੇ ਨੂੰ ਬੇਹੋਸ਼ ਕਰਨ ਲਈ ਕਾਫ਼ੀ ਹੈ। ਏਸੇ ਲਈ ਲੋਕ ਬੋਲੀਆਂ 'ਚ ਵੀ ਜਿਕਰ ਆਉਂਦਾ ਹੈ :

ਕੂਕਿਆਂ ਦਾ ਪੰਥ ਨਿਰਾਲਾ,
ਹੱਥ ਵਿਚ ਗੜਵਾ ਰਖਦੇ ,
ਗਲ ਵਿਚ ਉੱਨ ਦੀ ਮਾਲਾ॥

ਨਾਮਧਾਰੀ ਮਰਯਾਦਾ ਅਨੁਸਾਰ ਗੜਵਾ ਹਰ ਨਾਮਧਾਰੀ ਦੀ ਨਿੱਜੀ ਵਰਤੋਂ ਦਾ ਬਰਤਨ ਹੋਇਆ ਕਰਦਾ ਸੀ। ਜੋ ਕਿਸੇ ਅਨਮੱਤੀਏ ਦੇ ਸਪੁਰਦ ਨਹੀਂ ਕੀਤਾ ਜਾ ਸਕਦਾ ਸੀ।

ਜ਼ਿਕਰ ਹੈ :- ਕੂਕੇ ਬੜੇ ਕਸੂਤੇ, ਪਾਣੀ ਨਾ ਪੀਂਦੇ ਬੋਕੇ ਦਾ।
ਕੂਕੇ ਬੜੇ ਕਸੂਤੇ, ਗੜਵਾ ਨਾ ਦਿੰਦੇ ਨਾਉਣ ਨੂੰ।

ਆਮ ਲੋਕ ਸਿੱਖੀ ਤੋਂ ਏਨੇ ਦੂਰ ਚੁੱਕੇ ਸਨ ਕਿ, ਖੂਹਾਂ 'ਚੋਂ ਪਾਣੀ ਕੱਢਣ ਲਈ ਚਰਸ (ਬੋਕੇ) ਅਤੇ ਮਾਸ਼ਕੀ ਦੀਆਂ ਮਸ਼ਕਾਂ 'ਚੋਂ ਖਾਣ, ਪੀਣ ਅਤੇ ਪਕਾਣ ਲਈ ਪਾਣੀ ਵਰਤ ਲਿਆ ਕਰਦੇ ਸਨ। ਪਰ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਨੂੰ ਗੜਵੇ ਦੀ ਦਾਤ ਬਖਸ਼ਦਿਆਂ ਸੁੱਚਮਤਾਈ ਵਿਚ ਵੀ ਰਹਿਣਾ ਸਿਖਾਇਆ। ਏਸੇ ਲਈ ਇਹ ਲੋਕ ਬੋਲੇ ਪ੍ਰਚਲਿਤ ਹੋਏ।

ਨਾਮਧਾਰੀ ਮਰਯਾਦਾ ਅਨੁਸਾਰ ਹਰ ਨਾਮਧਾਰੀ ਨੂੰ ਲਘੂ-ਸ਼ੰਕਾ ਦੀ ਨਵਿਰਤੀ ਉਪਰੰਤ ਜਲ ਵਰਤਣ ਦਾ ਹੁਕਮ ਸੀ ਅਤੇ ਦੀਰਘ-ਸ਼ੰਕਾ ਦੇ ਨਵਿਰਤੀ ਉਪਰੰਤ ਪੰਜ ਵਾਰ ਰੇਤ ਨਾਲ ਹੱਥ ਮਾਂਜਣ ਉਪਰੰਤ ਦੋ ਵਾਰ ਗੜਵੇ ਨੂੰ ਰੇਤ ਨਾਲ ਮਾਂਜਣ ਦਾ ਹੁਕਮ ਸੀ। ਉਨ੍ਹਾਂ ਸਮਿਆਂ ਵਿਚ ਗੜਵਾ ਸਰਬ-ਲੋਹ ਦਾ ਹੋਇਆ ਕਰਦਾ ਸੀ ਅਤੇ ਨਾਮਧਾਰੀ ਸਿੱਖ ਰੇਤ ਨਾਲ ਮਾਂਜ ਕੇ ਇਸ ਨੂੰ ਚਮਕਾ ਕੇ ਰੱਖਦੇ ਸਨ। ਏਸੇ ਲਈ ਇਹ ਲੋਕ ਬੋਲੀ ਪ੍ਰਚਲਿਤ ਹੋਈ, ਜਦੋਂ ਕਿਸੇ ਨੇ ਆਪਣੇ

ਵਿਰੋਧੀ ਨੂੰ ਦਬਕਾ ਮਾਰਨਾ ਹੋਵੇ ਤਾਂ ਆਖ ਦਿਆ ਕਰਦੇ ਸਨ, "ਕੂਕਿਆਂ ਦੇ ਗੜਵੇ ਵਾਂਗ ਮਾਂਜ ਦਿਆਂਗੇ"।

**ਉੱਨ ਦੀ ਮਾਲਾ:** ਆਮ ਤੌਰ 'ਤੇ ਅਧਿਆਤਮਕ ਜਗਤ ਵਿਚ ਸਿਮਰਨ ਕਰਨ ਲਈ ਅਤੇ ਗਲੇ ਪਹਿਨਣ ਲਈ, ਰੁਦਰਾਕਸ਼ ਦੀ ਮਾਲਾ, ਤੁਲਸੀ ਦੀ ਮਾਲਾ, ਮੋਤੀਆਂ ਦੀ ਮਾਲਾ, ਸੋਨੇ ਦੀ ਮਾਲਾ ਜਾਂ ਕੀਮਤੀ ਪੱਥਰਾਂ ਦੀ ਮਾਲਾ ਪ੍ਰਚਲਤ ਸੀ। ਪ੍ਰਮੁੱਖ ਸਾਧੂਆਂ ਕੋਲ ਉਨ੍ਹਾਂ ਦੇ ਚੇਲਿਆਂ ਤੋਂ ਵੱਖਰੀ ਕਿਸਮ ਦੀ ਤੇ ਮਹਿੰਗੀ ਮਾਲਾ ਹੋਇਆ ਕਰਦੀ ਸੀ। ਪਰ ਸਤਿਗੁਰੂ ਰਾਮ ਸਿੰਘ ਜੀ ਨੇ "ਰਾਮ ਸਿੰਘ ਉਚ -ਨੀਚਨ ਡਰੇ, ਅਵਜੀ ਏਕ ਰਸੋਂਦੀ ਕਰੇ" ਦੇ ਭਵਿੱਖ ਵਾਕ ਨੂੰ ਪਰੀਪੂਰਨ ਕਰਦਿਆਂ ਸਫੈਦ ਉੱਨ ਦੀ ਅਠੋਤਰੀ ਮਾਲਾ ਰੱਖਣ ਦਾ ਹੁਕਮ ਕੀਤਾ। ਇਹ ਮਾਲਾ ਬਜ਼ਾਰਾਂ 'ਚੋਂ ਜਾਂ ਕਿਸੇ ਦੁਕਾਨ ਤੋਂ ਨਹੀਂ ਮਿਲਦੀ, ਸਗੋਂ ਘਰਾਂ ਵਿਚ ਬੀਬੀਆਂ ਤੇ ਸਿੰਘ ਆਪ ਤਿਆਰ ਕਰਿਆ ਕਰਦੇ ਸਨ ਤੇ ਅੱਜ ਵੀ ਇਵੇਂ ਹੀ ਤਿਆਰ ਕਰਦੇ ਹਨ। ਇਸ ਮਾਲਾ ਦੀ ਖ਼ਾਸੀਅਤ ਇਹ ਹੈ ਕਿ ਇਹ ਸਫੈਦ ਮਾਲਾ ਜਦੋਂ ਵੀ ਜਰਾ ਮੈਲੀ ਜਾਪੇ, ਝੱਟ ਸਾਬਣ ਨਾਲ ਧੋਅ ਲਵੋ, ਫਿਰ ਉੱਜਲੀ ਦੀ ਉੱਜਲੀ। ਜਿਹੜੀ ਮਾਲਾ ਸਤਿਗੁਰੂ ਜੀ ਕੋਲ ਹੋਇਆ ਕਰਦੀ ਸੀ ਉਹੋ ਜਿਹੀ ਹੀ ਨਾਮਧਾਰੀ ਸਿੱਖਾਂ ਕੋਲ। ਮਾਲਾ ਹੀ ਨਾਮਧਾਰੀ ਸਿੱਖ ਅਤੇ ਨਾਮਧਾਰੀ ਬੀਬੀਆਂ ਦਾ ਗਹਿਣਾ ਸੀ। ਜੋ ਸਦਾ ਹਰ ਸਿੱਖ ਕੋਲ ਰਹਿੰਦੀ ਸੀ ਅਤੇ ਨਾਮਧਾਰੀਆਂ ਨੂੰ ਹੋਰ ਗਹਿਣੇ ਗੱਟੇ ਛੱਡ ਕੇ ਮਾਲਾ, ਗੜਵਾ ਰੂਪੀ ਗਹਿਣੇ ਪਹਿਰਨ ਦਾ ਹੁਕਮ ਸੀ। ਏਸੇ ਲਈ ਇਹ ਲੋਕ ਬੋਲੀ ਪ੍ਰਚਲਤ ਹੋਈ-

ਕੂਕਿਆਂ ਦਾ ਪੰਥ ਨਿਰਾਲਾ।
ਹੱਥ ਵਿਚ ਗੜਵਾ ਰਖਦੇ,
ਗਲ ਵਿਚ ਉੱਨ ਦੀ ਮਾਲਾ।
ਗਹਿਣਾ ਗੱਟਾ ਮੂਲ ਨਾ ਪਾਉਂਦੇ,
ਸਿੱਧਾ ਰਖਦੇ ਚਾਲਾ।

ਜਿੱਥੇ ਕਦੇ ਅੰਗਰੇਜ਼ੀ ਰਾਜ ਦੇ ਸਮਾਨ ਦੀ ਮਸ਼ਹੂਰੀ ਲਈ, ਇਹ ਅਖਾਣ ਪ੍ਰਚਲਤ ਸੀ, "ਖੱਦਰਾ ਰਾਹ ਛੱਡ ਦੇਹ, ਇੱਥੇ ਆ ਗਿਆ ਮਾਲ ਵਲੈਤੀ" ਉਥੇ ਹੁਣ ਇਹ ਬੋਲੇ ਪ੍ਰਚਲਤ ਹੋ ਗਏ।

ਅਤਲਸਾਂ ਪਾੜ ਸੁੱਟੀਆਂ, ਨਹੀਂ ਖੱਦਰ ਬਿਨਾਂ ਹੱਥ ਲੌਣਾ,
ਅਤੇ
ਨਹੀਂ ਖੰਡ ਦਾ ਸ਼ਰਬਤ ਪੀਂਦੇ ਸਹੁੰ ਖਾਧੀ ਖਾਲਸੇ ਨੇ।

**ਪਊਏ :** ਭਾਵੇਂ ਪੁਰਾਤਨ ਸਮਿਆਂ ਤੋਂ ਸਾਧੂ, ਸੰਤ, ਰਿਸ਼ੀ, ਮੁਨੀ ਪਵਿੱਤਰਤਾ ਦਾ ਪ੍ਰਤੀਕ, ਪਊਏ ਤੇ ਖੜਾਵਾਂ ਪਹਿਰਿਆ ਕਰਦੇ ਸਨ ਅਤੇ ਤ੍ਰੇਤੇ ਦੇ ਅਵਤਾਰ ਭਗਵਾਨ ਰਾਮ ਚੰਦਰ ਜੀ ਦੇ ਬਨਵਾਸ ਦੇ ਦੌਰਾਨ ਭਰਤ, ਜਿਸ ਲਈ ਉਸਦੀ ਮਾਤਾ ਕੈਕਈ ਨੇ ਰਾਮ ਨੂੰ ਬਨਵਾਸ ਦੇ ਬਦਲੇ ਰਾਜ-ਭਾਗ ਮੰਗਿਆ ਸੀ, ਰਾਜ ਸਿੰਘਾਸਨ 'ਤੇ ਬੈਠਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਆਪਣੇ ਵੱਡੇ ਭਰਾਤਾ ਸ੍ਰੀ ਰਾਮ ਜੀ ਦੀ ਆਗਿਆ ਨਾਲ ਉਹਨਾਂ ਦੀਆਂ ਖੜਾਵਾਂ ਸਿੰਘਾਸਨ 'ਤੇ ਰੱਖ, ਅਯੁਧਿਆ ਦਾ ਪ੍ਰਬੰਧ ਸੰਭਾਲਿਆ ਤੇ ਚੌਦਾਂ ਸਾਲ ਸ੍ਰੀ ਰਾਮ ਜੀ ਦੀ ਆਗਿਆ 'ਚ ਰਹਿੰਦਿਆਂ ਚਲਾਇਆ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਨ੍ਹਾਂ "ਪਊਇਆਂ" ਨੂੰ ਆਪਣੀ ਸੂਝ-ਬੂਝ ਅਤੇ ਕਾਰਾਗਰੀ ਨਾਲ ਬੜਾ ਨਵੇਕਲਾ ਤੇ ਸੁਹਣਾ ਰੂਪ ਦਿੱਤਾ। ਨਾਮਧਾਰੀ ਸਿੱਖਾਂ ਵੱਲੋਂ ਪਹਿਨੇ ਜਾਣ ਵਾਲੇ ਪਊਏ ਕਾਲੀ-ਸ਼ਾਹ-ਟਾਹਲੀ ਦੀ ਲੱਕੜ 'ਚੋਂ ਇਸ ਤਰਾਂ ਤਿਆਰ ਕੀਤੇ ਕਿ ਇਹ ਪਊਏ ਨਿਰੋਲ ਪੱਕੀ ਲੱਕੜ ਦੇ ਹੁੰਦੇ ਹੋਏ ਵੀ ਬਿਲਕੁਲ ਹਲਕੇ ਮਹਿਸੂਸ ਹੁੰਦੇ। ਪਹਿਰਨ ਵਾਲਾ ਆਪਣੇ ਆਪ ਨੂੰ ਚੁਸਤ, ਦਰੁਸਤ ਤੇ ਹਲਕਾ ਫੁਲਕਾ ਮਹਿਸੂਸ ਕਰਦਾ ਕਿਉਂਕਿ ਨਾਮਧਾਰੀ ਸਿੱਖਾਂ ਨੂੰ ਵੱਡੇ ਤੜਕੇ ਉਠੱਣ ਦਾ ਹੁਕਮ ਸੀ। ਇਸ ਲਈ ਨਾਮਧਾਰੀ ਸਿੱਖ ਜਦੋਂ ਵੱਡੇ ਤੜਕੇ ਉਠ ਇਸ਼ਨਾਨ ਲਈ ਖ਼ੂਹ 'ਤੇ ਜਾਂਦੇ ਤਾਂ ਗੜਵਾ ਡੋਰੀ ਦੇ ਨਾਲ ਕਛਹਿਰਾ ਪਰਨਾ ਤਾਂ ਲੈਂਦੇ ਹੀ, ਨਾਲ ਪੈਰਾਂ ਵਿਚ ਪਊਏ ਪਾਉਂਦੇ ਤਾਂ ਕਿ ਇਸ਼ਨਾਨ ਕਰਨ ਉਪਰੰਤ, ਪਊਏ ਪਹਿਰ ਕੇ ਪੈਰ ਮਿੱਟੀ ਘੱਟੇ ਤੋਂ ਤਾਂ ਬਚਣ ਹੀ ਪਵਿੱਤਰ ਵੀ ਰਹਿਣ। ਬਾਬੂ ਰਜਬ ਅਲੀ ਨੇ ਆਪਣੇ ਛੰਦਾਂ ਵਿਚ ਵੀ ਵਰਣਨ ਕੀਤਾ ਹੈ : -

ਪਊਏ ਭੈਣੀ ਸਾਹਿਬ, ਜੋੜੀ ਬਣੇ ਨਾ ਘੜੂਏ ਜੈਸੀ,
ਮੱਟ ਜੰਘੀਰਾਣੇ ਬਣਾਕੇ ਉੱਤੋਂ ਚੋਪੜ ਦੇ।
ਕੋਟਲੇ ਦੀ ਮੇਥੀ, ਨਾ ਮਤੀਰਾ ਰਾਮੂਵਾਲ ਜੈਸਾ,
ਮਿੱਠਾ ਲੱਗੇ ਜਾਣੀ ਚੱਬ ਜਾਂ ਸਣੇ ਖਰੋਪੜ ਦੇ।
ਰਜਬ ਅਲੀ ਮੰਜਾ ਭਾਈਕੋਟ ਦਾ ਮਸ਼ਹੂਰ ਬਾਹਲਾ,
ਸਾਰ ਪਾਰ ਲੰਘ ਕੇ ਉਚਾਲੇ ਠੋਕਿਆ ਚੋਪੜ ਦੇ।

ਲੋਕ ਬੋਲੀਆਂ ਵਿਚ ਵੀ ਪ੍ਰਚਲਤ ਹੋ ਗਿਆ ਕਿ :

ਕੂਕੇ ਚੜ੍ਹ ਕੇ ਚੁਬਾਰੀਂ ਸੌਂਦੇ, ਤਾਰੇ ਵੇਖਣ ਨੂੰ।
ਤਾਰਾ ਚੜ੍ਹਿਆ ਤੇ ਨਹਾ ਲਿਆ ਕੂਕੇ,
ਹਾਲੀਆਂ ਨੇ ਹਲ ਜੋੜ ਲਏ।

ਖ਼ੂਹਾਂ ਤੇ ਵੱਡੇ ਤੜਕੇ ਜਦੋਂ ਕੂਕਿਆਂ ਦੇ ਗੜਵੇ ਖੜਕਣ ਲੱਗਦੇ ਤਾ ਜਿੰਮੀਦਾਰ ਵੀ ਆਪਣੇ ਖੇਤ ਵਹੁਣ ਲਈ ਹਲ ਜੋੜ ਲੈਂਦੇ।

**ਹੱਲੇ ਦਾ ਦੀਵਾਨ :** ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਬੇਕਾਰ ਦੀਆਂ ਰਸਮਾਂ ਰਿਵਾਜਾਂ 'ਚੋਂ ਕੱਢਦਿਆਂ ਹੋਲੀ ਨੂੰ ਹੋਲੇ- ਮਹੱਲੇ ਦਾ ਰੂਪ

ਸਰੂਪ ਬਖਸ਼ਿਆ। ਹੋਲੇ-ਮਹੱਲੇ ਤੇ ਮਨਸੂਈ ਜੰਗ ਦੀ ਰੂਪ ਰੇਖਾ ਤੇ ਖਾਕਾ ਤਿਆਰ ਕੀਤਾ ਜਾਂਦਾ, ਫਿਰ ਸ਼ਸਤ੍ਰਧਾਰੀ ਸਿੱਖਾਂ ਨੂੰ ਦੋ ਗਰੁੱਪਾਂ ਵਿਚ ਵੰਡਿਆ ਜਾਂਦਾ ਅਤੇ ਮਨਸੂਈ ਜੰਗ ਕਰਵਾਈ ਜਾਂਦੀ। ਚੰਗਾ ਪ੍ਰਦਰਸ਼ਨ ਕਰਨ ਵਾਲੇ ਸਿੰਘਾਂ ਨੂੰ ਸਨਮਾਨ ਤੇ ਗੁਰੂ ਕਾ ਥਾਪੜਾ ਮਿਲਦਾ। ਇਸੇ ਵਿਚੋਂ ਸਿੰਘਾਂ ਦਾ ਮਾਰਸ਼ਲ ਆਰਟ ਗਤਕਾ ਹੋਂਦ ਵਿੱਚ ਆਇਆ। ਸਤਿਗੁਰੂ ਰਾਮ ਸਿੰਘ ਜੀ ਨੇ ਇਸੇ ਤਿਉਹਾਰ ਨੂੰ ਇਕ ਕਦਮ ਹੋਰ ਅੱਗੇ ਵਧਾਉਂਦਿਆਂ, ਕੀਰਤਨ ਨੂੰ ਹੱਲੇ ਦਾ ਰੂਪ ਦਿੱਤਾ। ਜਿਸ ਵਿੱਚ ਢੋਲਕ (ਨਾਮਧਾਰੀ ਸ਼ੈਲੀ ਵਿੱਚ) ਛੈਣੇ ਅਤੇ ਖੜਤਾਲਾਂ ਵਜਾਈਆਂ ਜਾਂਦੀਆਂ ਹਨ। ਇਹ ਵੀ ਸਤਿਗੁਰੂ ਜੀ ਦਾ ਇਕ ਇਨਕਲਾਬੀ ਕਦਮ ਸੀ। 18-20 ਨਾਮਧਾਰੀ ਸਿੰਘਾਂ ਦਾ ਜੱਥਾ, ਜਿਸਦਾ ਮੁਖੀ ਇਕ ਜਥੇਦਾਰ ਹੁੰਦਾ, ਨਾਲ ਇਕ ਢੁਲਕਈਆ, ਪੰਜ-ਚਾਰ ਸਰੀਰ ਛੈਣਿਆਂ ਵਾਲੇ, ਜਦੋਂ ਵੀ ਇਹ ਜਥਾ ਪ੍ਰਚਾਰ ਲਈ ਕਿਸੇ ਇਲਾਕੇ ਵਿੱਚ ਜਾਂਦਾ, ਨਗਰ, ਖੇੜੇ, ਪਿੰਡ ਤੋਂ ਬਾਹਰ ਢੋਲਕੀ ਛੈਣਿਆਂ ਨਾਲ ਪੰਚਮ ਸੁਰਾਂ ਵਿਚ ਬੀਰ ਰਸ ਤੇ ਵੈਰਾਗ ਰਸ ਦੇ ਸ਼ਬਦ ਪੜ੍ਹੇ ਜਾਂਦੇ। ਪਿੰਡ, ਨਗਰ ਦੀ ਲੁਕਾਈ ਨੂੰ ਪਤਾ ਲੱਗ ਜਾਂਦਾ ਕਿ ਕੂਕਿਆਂ ਦਾ ਜਥਾ ਆ ਗਿਆ ਹੈ। ਉਹ ਪਿੰਡ ਦੀ ਕਿਸੇ ਖੁੱਲ੍ਹੀ ਥਾਂ ਚੁਗਾਨ ਵਿਚ ਪਰਾਲੀ ਜਾਂ ਖੋਰੀ ਵਿਛਾ ਦਿੰਦੇ। ਜੱਥੇ ਨੂੰ ਅਗਵਾਈ ਕਰ ਉਸ ਥਾਂ ਲੈ ਆਉਂਦੇ। ਜਥੇ ਨੇ ਬੈਠ ਜਾਣਾ ਤੇ ਜਥੇਦਾਰ ਉੱਚੀ ਬਾਂਹ ਕਰਕੇ ਬੀਰ-ਰਸ ਦੇ ਸ਼ਬਦ ਪੜ੍ਹਨੇ, ਜਥੇ ਨੇ ਢੋਲਕੀ-ਛੈਣਿਆਂ ਦੀ ਤਾਲ 'ਤੇ ਉੱਚੀ ਆਵਾਜ਼ ਵਿੱਚ ਉਹੀਓ ਸ਼ਬਦ ਦੁਹਰਾਨਾ। ਜਦੋਂ ਪਿੰਡ ਵਾਲਿਆਂ ਦੀ ਭੀੜ ਇਕਠੀ ਹੋ ਜਾਣੀ ਤਾਂ ਜਥੇਦਾਰ ਨੇ ਜਾਂ ਪ੍ਰਚਾਰਕ ਨੇ ਗੁਰਮਤਿ ਦਾ, ਗੁਰੂ ਪ੍ਰੰਪਰਾ ਦਾ ਪ੍ਰਚਾਰ ਕਰਨਾ, ਸਿੰਘਾਂ ਦੇ ਕਾਰਨਾਮਿਆਂ ਦੀਆਂ ਸਾਖੀਆਂ ਸੁਨਾਣੀਆਂ ਤੇ ਫਿਰ ਫਿਰੰਗੀਆਂ ਵੱਲੋਂ ਵਿਸ਼ਵਾਸ਼ਘਾਤ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹਥਿਆਉਣ ਤੇ ਉਨ੍ਹਾਂ ਦੀਆਂ ਗਹਿਰੀਆਂ ਤੇ ਕੂਟਨੀਤਿਕ ਚਾਲਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ। ਕੂਕਿਆਂ ਵੱਲੋਂ ਕੀਤਾ ਜਾਂਦਾ ਪ੍ਰਚਾਰ ਤੇ ਉਨ੍ਹਾਂ ਵੱਲੋਂ ਪੜ੍ਹੇ ਜਾਂਦੇ ਸ਼ਬਦ ਅਤੇ ਦਿੱਤੇ ਜਾਂਦੇ ਗੁਰਬਾਣੀ ਦੇ ਪ੍ਰਮਾਣ ਲੋਕਾਂ ਦੇ ਮਨ ਤੇ ਗਹਿਰਾ ਅਸਰ ਕਰਦੇ । ਲੋਕ ਬੋਲੀਆਂ ਪ੍ਰਚਲਤ ਹੋ ਗਈਆਂ ਕਿ :

ਕੂਕੇ ਗੁੜ੍ਹ ਦਾ ਸ਼ਰਬਤ ਪੀਂਦੇ,
ਮਿੱਠੇ ਮਿੱਠੇ ਬੋਲ ਬੋਲਦੇ।

ਇਸਦਾ ਅਸਰ ਅਜਿਹਾ ਹੋਇਆ ਕਿ ਪਿੰਡਾਂ ਦੇ ਪਿੰਡ ਨਾਮਧਾਰੀ ਸੱਜਣ ਲੱਗੇ।

ਰੁੜਕਾ, ਜਾਂਗਪੁਰ, ਮੋਹੀ, ਤਿੰਨ ਪਿੰਡ ਕੂਕਿਆਂ ਦੇ।
ਦੋਏ ਨੰਗਲਾਂ, ਜੜਾਂ ਤੇ ਸਰਾਭਾ, ਬਣ ਗਏ ਨਾਮਧਾਰੀਏ।
ਬਿਲਾਸਪੁਰ ਤੇ ਹਠੂਰ ਪਿੰਡ ਬੱਸੀਆਂ, ਕੂਕੇ ਬਣ ਜਾਣਗੇ।

ਇਕ ਵਾਰ ਉਹੋ ਜਿਹਾ ਹੀ ਮਹੌਲ ਫਿਰ ਬਣ ਗਿਆ, ਜਿਹੋ ਜਹੇ, ਗੁਰੂ ਨਾਨਕ ਪਾਤਸ਼ਾਹ ਜੀ ਦੇ ਵਕਤ ਦੇ ਮਹੌਲ ਦਾ ਜ਼ਿਕਰ ਕਰਦਿਆਂ ਭਾਈ ਗੁਰਦਾਸ ਲਿਖਦੇ ਹਨ:-

ਘਰ ਘਰ ਅੰਦਰ ਧਰਮਸਾਲ,
ਹੋਵੈ ਕੀਰਤਨ ਸਦਾ ਵਸੋਆ॥

ਤੇ ਹੁਣ ਹਲਾਤ ਅਜਿਹੇ ਹੋ ਗਏ ਸਨ ਕਿ :-

ਉਹ ਘਰ ਕੂਕਿਆਂ ਦਾ, ਜਿਥੇ ਖੜਕਣ ਢੋਲਕੀ ਛੈਣੇ।
ਥਾਲੀ ਭੰਨ ਕੇ ਬਣਾ ਲਏ ਛੈਣੇ, ਬੱਲੇ ਬੱਲੇ ਕੂਕਿਆਂ ਦੇ।

ਗੱਲ ਕੀ ਸ਼ਬਦ ਪੜ੍ਹਨੇ, ਕੀਰਤਨ ਕਰਨਾ ਨਾਮਧਾਰੀਆਂ ਦੀ ਜੀਵਨ ਜਾਚ ਦਾ ਹੀ ਹਿੱਸਾ ਬਣ ਗਿਆ ਸੀ । ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਵੀ ਸੀ : -

"ਹਰ ਦਿਨ ਸਬਦ ਕੀਰਤਨ ਕਰਨਾ" (ਰਹਿਤਨਾਮਾ)

ਜਦੋਂ ਨਾਮਧਾਰੀ ਸਿੰਘ ਹਰੀਮੰਦਰ (ਅੰਮ੍ਰਿਤਸਰ) ਦੀ ਬੇਅਦਬੀ ਨਾ ਸਹਾਰਦੇ ਹੋਏ ਬੁੱਚੜਾਂ ਦਾ ਕਤਲ ਕਰ ਦਿੰਦੇ ਹਨ ਅਤੇ ਉਨ੍ਹਾਂ ਨੂੰ ਫਿਰੰਗੀਆਂ ਵੱਲੋਂ ਲੋਕਾਂ ਵਿੱਚ ਦਹਿਸ਼ਤ ਪਾਣ ਲਈ ਸ਼ਰੇਆਮ ਰਾਮਬਾਗ ਦੇ ਬੋਹੜ ਨਾਲ ਫਾਂਸੀ ਦੇਣ ਦਾ ਹੁਕਮ ਹੁੰਦਾ ਹੈ ਤਾਂ ਉਹ ਮਰਜੀਵੜੇ ਅੰਮ੍ਰਿਤ ਸਰੋਵਰ 'ਚੋਂ ਇਸ਼ਨਾਨ ਕਰ ਢੋਲਕੀ-ਛੈਣਿਆਂ ਨਾਲ ਸ਼ਬਦ ਪੜ੍ਹਦੇ ਮਕਤਲ 'ਤੇ ਆਉਂਦੇ ਹਨ ਅਤੇ ਆਪਣੇ ਹੱਥੀਂ ਰੇਸ਼ਮ ਦੇ ਰੱਸੇ ਆਪ ਗਲਾਂ ਵਿਚ ਪਾ ਹੱਸ-ਹੱਸ ਸ਼ਹੀਦੀਆਂ ਦਿੰਦੇ ਹਨ।

ਇਵੇਂ ਹੀ ਜਦੋਂ ਮਲੇਰਕੋਟਲਾ ਦੇ ਰੱਕੜ ਵਿੱਚ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਜਾਂਦਾ ਹੈ ਤਾਂ 66 ਸਿੰਘਾਂ ਦਾ ਜਥਾ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਦਾ ਹੈ ਅਤੇ ਸੱਤ-ਸੱਤ ਸਿੰਘ ਉਸ ਜਥੇ 'ਚੋਂ ਉਠ ਤੋਪਾਂ ਸਾਹਵੇਂ ਖਲੋਂਦੇ ਹਨ ਤੇ ਤੂੰਬਾ ਤੂੰਬਾ ਹੋ ਸ਼ਹੀਦੀਆਂ ਪਾ ਜਾਂਦੇ ਹਨ।

ਪੰਜਾਬੀ ਦੇ ਪ੍ਰਸਿੱਧ ਕਵੀ ਸਫ਼ਰੀ ਜੀ ਦੀ ਕਵਿਤਾ 'ਚ ਜਿਕਰ ਹੈ :

ਗੋਰੇ ਹਿੱਲ ਗਏ ਹੱਲੇ ਦਾ ਸ਼ਬਦ ਸੁਣਕੇ,
ਐਸੇ ਵਾਰ ਕੀਤੇ ਢੋਲਕ ਛੈਣਿਆਂ ਨੇ।
ਗੋਲੇ ਤੋਪ ਦੇ ਨਰਕ ਦੀ ਅੱਗ ਵਰਗੇ,
ਠੰਡੇ ਠਾਰ ਕੀਤੇ ਢੋਲਕ ਛੈਣਿਆਂ ਨੇ।

**ਮੋਟਾ ਪ੍ਰਸ਼ਾਦਾ / ਗਾਹੜਾ ਦਾਲਾ :** ਸਿੱਖੀ ਪ੍ਰੰਪਰਾ ਅਨੁਸਾਰ, ਲੰਗਰ ਵੀ ਗੁਰੂ ਘਰ ਦੀ ਅਮੀਰ ਅਤੇ ਸਰਬੱਤ ਦੇ ਭਲੇ ਦੀ ਪ੍ਰੰਪਰਾ ਹੈ ਜੋ ਸਤਿਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਵਕਤ ਤੋਂ ਹੀ ਚਲਦੀ ਆ ਰਹੀ ਹੈ। ਤੀਸਰੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਸ ਜੀ ਦੇ ਵਕਤ ਦਾ ਵਾਕਿਆ ਹੈ

ਕਿ ਜਦੋਂ ਤਦ-ਵਕਤੀ ਮੁਸਲਮ ਬਾਦਸ਼ਾਹ ਅਕਬਰ ਗੁਰੂ ਦਰਸ਼ਨ ਨੂੰ ਗੋਇੰਦਵਾਲ ਆਇਆ। ਸਤਿਗੁਰੂ ਜੀ ਦਾ ਹੁਕਮ ਸੀ, "ਪਹਿਲੇ ਪੰਗਤ ਪਾਛੇ ਸੰਗਤ।"

ਸਤਿਗੁਰੂ ਰਾਮ ਸਿੰਘ ਜੀ ਨੇ ਲੰਗਰ ਵਿੱਚ ਵਰਤਣ ਵਾਲੇ ਦਾਲੇ ਪ੍ਰਸ਼ਾਦੇ ਨੂੰ ਵੀ ਨਿਵੇਕਲਾ ਅਤੇ ਇਨਕਲਾਬੀ ਰੂਪ ਦਿੱਤਾ। ਸਤਿਗੁਰੂ ਜੀ ਨੇ ਹੁਕਮ ਕੀਤਾ, ਮੋਟਾ ਪ੍ਰਸ਼ਾਦਾ ਤੇ ਗਾਹੜਾ ਦਾਲਾ ਹੀ ਲੰਗਰ ਵਿੱਚ ਤਿਆਰ ਕੀਤਾ ਜਾਵੇ। ਇਸਦੇ ਪਿੱਛੇ ਵੀ ਇਕ ਇਨਕਲਾਬੀ ਸੋਚ ਕੰਮ ਕਰਦੀ ਸੀ। ਗਊ ਦੇ ਘਿਓ ਨਾਲ ਚੋਪੜੇ ਮੋਟੇ ਪ੍ਰਸ਼ਾਦੇ ਅਤੇ ਨਾਲ ਗਾਹੜਾ ਦਾਲਾ ਹੋਵੇ ਤਾਂ ਥਾਲੇ ਕੌਲੀਆਂ ਜਾਂ ਹੋਰ ਕਿਸੇ ਬਰਤਨ ਦੀ ਜ਼ਰੂਰਤ ਨਹੀਂ ਰਹਿੰਦੀ। ਇਕੋ ਵਾਰ ਲਏ ਪ੍ਰਸ਼ਾਦੇ ਤੇ ਉਸ ਦੇ ਉੱਪਰ ਪਾਏ ਗਾਹੜੇ ਦਾਲੇ ਵਿੱਚ ਪਾਇਆ ਗਊ ਦਾ ਘਿਓ, ਨਾਲ ਪੇਟ ਪੂਰਤੀ ਹੋ ਜਾਂਦੀ ਹੈ।

ਜਦੋਂ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੀਆਂ ਬਰੂਹਾਂ ਅੱਗੇ ਫਿਰੰਗੀਆਂ ਨੇ ਪੁਲਿਸ ਚੌਕੀ ਕਾਇਮ ਕਰ ਦਿੱਤੀ। ਉਸ ਸਮੇਂ ਦੂਰ ਦੁਰਾਡੇ ਤੋਂ ਗੁਰੂ ਦਰਸ਼ਨਾਂ ਨੂੰ ਅਉਣ ਵਾਲੀਆਂ ਸੰਗਤਾਂ ਨੂੰ ਸ੍ਰੀ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਹੀ ਰੋਕ ਲਿਆ ਜਾਂਦਾ ਸੀ ਅਤੇ ਪੰਜ-ਪੰਜ ਸਿੰਘਾਂ ਨੂੰ ਅਪਣਾ, ਨਾਮ, ਪਤਾ ਚੌਂਕੀ ਦੇ ਮੁਣਸ਼ੀ ਨੂੰ ਲਿਖਵਾ ਕੇ ਹੀ ਗੁਰੂ ਦਰਸ਼ਨਾਂ ਨੂੰ ਅੰਦਰ ਜਾਣ ਦਿੱਤਾ ਜਾਂਦਾ ਸੀ। ਪਿੰਡ ਤੋਂ ਬਾਹਰ ਰੁਕੀਆਂ ਸੰਗਤਾਂ ਲਈ ਮੋਟੇ ਪ੍ਰਸ਼ਾਦੇ ਤੇ ਗਾਹੜੇ ਦਾਲੇ ਦੀ ਤਰਕੀਬ ਨੇ ਬੜਾ ਸੁਖਾਲਾ ਕਰ ਦਿੱਤਾ ਸੀ। ਖੱਦਰ ਦੇ ਮੋਟੇ ਕਪੜੇ ਵਿੱਚ ਪ੍ਰਸ਼ਾਦੇ ਵਲੇਟ ਲਏ ਤੇ ਗੜਵੇ ਵਿੱਚ ਦਾਲਾ ਪਾ ਲਿਆ ਜਾਂਦਾ। ਗਊ ਦੇ ਘਿਓ ਨਾਲ ਚੋਪੜੇ ਮੋਟੇ ਪ੍ਰਸ਼ਾਦੇ ਠੰਢੇ ਵੀ ਜਲਦੀ ਨਹੀਂ ਹੁੰਦੇ ਤੇ ਨਰਮ ਵੀ ਰਹਿੰਦੇ ਹਨ। ਗੜਵੇ ਦਾ ਮੂੰਹ ਛੋਟਾ ਹੋਣ ਕਾਰਨ ਦਾਲਾ ਵੀ ਜਲਦੀ ਠੰਡਾ ਨਹੀਂ ਹੁੰਦਾ। ਇਹੋ ਤਰਕੀਬ ਪ੍ਰਚਾਰ ਤੇ ਜਾਣ ਵਾਲੇ ਜੱਥਿਆਂ ਲਈ ਵੀ ਕਾਫ਼ੀ ਕਾਰਗਾਰ ਸਿੱਧ ਹੋਈ।

ਸਿੱਖੀ ਪ੍ਰੰਪਰਾਵਾਂ ਦੇ ਪਤਨ ਵਕਤ ਪੰਜਾਬ ਦੀ ਲੁਕਾਈ ਸਿੱਖੀ ਨੂੰ ਛੱਡ, ਸਖੀ-ਸਰਵਰੀਏ, ਮਾਤਾ ਦੇ ਭਗਤ, ਗੁੱਗੇ ਪੀਰ ਦੇ ਪੁਜਾਰੀ ਅਤੇ ਖੁਆਜੇ ਪੀਰ ਨੂੰ ਨਿਆਜਾਂ ਚੜ੍ਹਾਉਣ ਵਾਲੇ ਬਣ ਗਏ ਸਨ। ਪਰ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਮੁੜ ਸੁਰਜੀਤ ਕੀਤੀ ਸਿੱਖੀ-ਪ੍ਰੰਪਰਾ ਨੇ ਲੋਕਾਂ ਦੀ ਸੋਚ ਨੂੰ ਇਨਕਲਾਬੀ ਮੋੜ ਦਿੱਤਾ। ਅਜਿਹੀ ਲਹਿਰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵਕਤ ਵੀ ਚੱਲੀ ਸੀ । ਜਦੋਂ ਪੰਜਾਬ ਦਾ ਮੁੱਖ ਸਖੀ-ਸਰਵਰੀਆ ਭਾਈ ਤੀਰਥ ਮੰਝ ਗੁਰੂ ਅਰਜਨ ਪਾਤਸ਼ਾਹ ਦੇ ਚਰਨੀ ਲੱਗ ਸਿੱਖ ਸਜ ਗਿਆ ਸੀ ਅਤੇ ਆਪਣੇ ਹਜਾਰਾਂ ਪਿੱਛ-ਲੱਗਾਂ ਨੂੰ ਸਤਿਗੁਰੂ ਜੀ ਦੀ ਸ਼ਰਨ ਲੈ ਆਇਆ ਸੀ ਅਤੇ ਪਿੰਡ-ਪਿੰਡ ਬਣੇ ਸਖੀ ਸਰਵਰ ਦੇ ਸਥਾਨ ਢਾਹ ਸੁੱਟੇ ਸਨ। ਹੁਣ ਫਿਰ ਪੰਜਾਬ ਵਿੱਚ ਉਨ੍ਹਾਂ ਦਾ ਪ੍ਰਭਾਵ ਕਾਫ਼ੀ ਵਧ ਗਿਆ ਸੀ। ਪਰ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖੀ ਪ੍ਰਚਾਰ ਨੇ ਇਸਨੂੰ ਕਾਫ਼ੀ ਠੱਲ ਪਾਈ। ਲੋਕਾਂ ਦੇ ਮਨਾਂ ਦੇ ਵਿੱਚ ਐਵੇਂ ਦੇ ਪਾਏ ਡਰ ਭਉ, ਨਾਮਧਾਰੀ ਪ੍ਰਚਾਰ ਨੇ ਛਾਂਈ ਮਾਈ ਕਰ ਦਿੱਤੇ ਸਨ। ਲੋਕ ਬੋਲੀਆਂ 'ਚ ਇਸਦਾ ਕਾਫੀ ਜਿਕਰ ਹੈ।

-ਪੀਰ ਖਾਨੇ ਢਾਹ ਸੁੱਟਣੇ, ਇੱਟ ਰਾਮ ਸਰਾਹਣੇ ਲੌਣੀ।
-ਕਾਜੀ ਬਾਂਗ ਨਾ ਮਸੀਤੀ ਦੇਵੇ ਡਰ ਮਾਰੇ ਖਾਲਸੇ ਦਾ।
-ਮੜ੍ਹੀ ਮਸਾਣੀ ਢਾਹ ਕੇ ਕਰ ਦਿਓ ਮਦਾਨਾ,
ਪਹਿਲਾਂ ਮਾਰੋ ਪੀਰ ਬਨੋਈ ਫਿਰ ਸਖੀ ਸੁਲਤਾਨਾ।
-ਦੜੂੰ ਦੜੂੰ ਕਿ ਢਹਿੰਦੀ ਦੀਹਦੀ ਐ,
ਦੜੂੰ ਦੜੂੰ ਕਿ ਮਾੜੀ ਗੁੱਗੇ ਦੀ,
ਦੜੂੰ ਦੜੂੰ ਕਿ ਮਾਤਾ ਰਾਣੀ ਨਹੀਂ ਛੱਡਣੀ,
ਦੜੂੰ ਦੜੂੰ ਕਿ ਜੰਡੀਆਂ ਵੱਢ ਦੇਣੀਆਂ।
-ਮੜੀਆਂ ਟੁੱਟਣਗੀਆਂ, ਨਹੀਂ ਚੋਪਟੀਏ ਨੂੰ ਮੰਨਣਾ।

ਉਸ ਵਕਤ ਤੇ ਸਖੀ-ਸਰਵਰੀਆਂ ਨੂੰ ਡਾਢੀ ਢਾਹ ਲੱਗੀ ਜਦੋਂ ਨਾਮਧਾਰੀਆਂ ਦੇ ਇਕ ਜੱਥੇ ਨੇ, ਊਨੇ ਕੋਲ ਬਣੇ ਸਖੀ ਸਰਵਰ ਦੇ ਵੱਡੇ ਅਸਥਾਨ 'ਧੌਂਕਲ' ਤੋਂ ਸਖੀ ਸਰਵਰ ਦੇ ਉਰਸ ਵਕਤ, ਜਦੋਂ ਹਜਾਰਾਂ ਸਖੀ-ਸਰਵਰੀਏ ਉਥੇ ਇਕੱਠੇ ਹੋਏ ਸਨ। ਵੱਡੇ ਦਰਖਤ ਨਾਲ ਲਟਕਾਏ ਕਈ ਮਣ ਭਾਰੇ ਕਾਂਸੇ ਦੇ ਟੱਲ ਨੂੰ ਲਾਹ ਲਿਆਂਦਾ। ਸਿੰਘਾਂ ਨੂੰ ਰੋਕਣ ਦੀ ਕਿਸੇ ਦੀ ਵੀ ਹਿੰਮਤ ਨਾ ਪਈ। ਉਹ ਟੱਲ ਘੋੜੇ ਤੇ ਲੱਦ ਕੇ ਹੁਸ਼ਿਆਰਪੁਰ ਲੈ ਆਂਦਾ ਅਤੇ ਠਠਿਆਰਾਂ ਤੋਂ ਸ੍ਰੀ ਭੈਣੀ ਸਾਹਿਬ ਦੇ ਲੰਗਰ ਵਾਸਤੇ ਵੱਡੇ ਵੱਡੇ ਦੇਗਚੇ ਬਣਵਾ ਲਏ। ਇਸ ਨਾਲ ਲੋਕਾਂ ਦੇ ਮਨਾਂ ਵਿੱਚ ਬਣਿਆ ਸਖੀ ਸਰਵਰ ਦਾ ਐਵੇਂ ਵਾਧੂ ਬਣੇ ਡਰ ਤੇ ਆਸਥਾ ਨੂੰ ਵੱਡਾ ਧੱਕਾ ਲੱਗਾ।

**ਗੁਰਮੁੱਖੀ ਅੱਖਰ :** ਬਦੇਸ਼ੋਂ ਆਏ ਫਿਰੰਗੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖਾਲਸਾ ਰਾਜ ਨੂੰ ਹਥਿਆਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥ-ਕੰਢੇ ਵਰਤਣੇ ਸ਼ੁਰੂ ਕਰ ਦਿੱਤੇ ਸਨ। ਭਾਵੇਂ ਸ਼ੁਰੂ-ਸ਼ੁਰੂ ਵਿੱਚ ਉਨ੍ਹਾਂ ਦੀਆਂ ਨੀਤੀਆਂ, ਕਾਨੂੰਨ ਸਹਿਜ ਜਾਪਦੇ ਸਨ, ਪਰ ਖਾਲਸਾ ਰਾਜ ਨੂੰ ਕਬਜੇ ਹੇਠ ਕਰ ਲੈਣ ਤੋਂ ਬਾਅਦ ਉਨ੍ਹਾਂ ਦੇ ਅੰਦਰਲਾ ਸ਼ੈਤਾਨ ਚਾਂਗਰਾਂ ਮਾਰਨ ਲੱਗ ਪਿਆ ਸੀ। ਪੰਜਾਬੀਆਂ ਨੂੰ ਸ਼ਸਤਰਹੀਣ ਤਾਂ ਉਨ੍ਹਾਂ ਕਰ ਹੀ ਦਿੱਤਾ ਸੀ, ਉਨ੍ਹਾਂ ਨੂੰ ਉਨ੍ਹਾਂ ਦੀ ਮਾਦਰੀ-ਜ਼ੁਬਾਨ ਪੰਜਾਬੀ ਤੋਂ ਪਰ੍ਹੇ ਕਰਨ ਲਈ ਉਨ੍ਹਾਂ ਨੇ ਪੰਜਾਬੀ ਦਾ ਕੈਦਾ 'ਕੈਦਾ-ਏ-ਨੂਰ' ਜ਼ਬਤ ਕਰਨਾ ਸ਼ੁਰੂ ਕਰ ਦਿੱਤਾ ਤਾਂ ਕਿ ਪੰਜਾਬੀਆਂ ਨੂੰ ਉਨ੍ਹਾਂ ਦੀ ਮਾਦਰੀ ਜ਼ੁਬਾਨ ਤੋਂ,

ਗੁਰਬਾਣੀ ਤੋਂ, ਸਭਿਆਚਾਰ ਅਤੇ ਪ੍ਰੰਪਰਾਵਾਂ ਤੋਂ, ਰਵਾਇਤਾਂ ਤੋਂ ਦੂਰ ਕੀਤਾ ਜਾ ਸਕੇ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਿੱਖ, ਹਿੰਦੂ ਤੇ ਮੁਸਲਮਾਨਾਂ ਵਿੱਚ ਬੜਾ ਸਹਿਚਾਰ ਅਤੇ ਪਿਆਰ ਮੁਹੱਬਤ ਹੁੰਦਾ ਸੀ। ਮਹਾਰਾਜਾ ਦੇ ਵਕਤ ਪੰਜਾਬ ਵਿੱਚ ਗਊ-ਬੱਧ ਦੀ ਸਖ਼ਤ ਮਨਾਹੀ ਸੀ। ਇਸ ਮਨਾਹੀ ਨੂੰ ਮੁਸਲਮਾਨਾਂ ਨੇ ਵੀ ਬੜੇ ਸਤਿਕਾਰ ਨਾਲ ਪ੍ਰਵਾਨ ਕਰ ਲਿਆ ਸੀ। ਭਾਵੇਂ ਕਿ ਉਨ੍ਹਾਂ ਦੇ ਮਜਹਬ ਵਿੱਚ ਗਊ-ਮਾਸ ਵਰਜਤ ਸੀ। ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਨ ਉਪਰੰਤ, ਗਊ-ਬੱਧ ਦੀ ਮਨਾਹੀ ਪਹਿਲਾਂ ਤਾਂ ਮਹਾਰਾਜਾ ਵਾਂਗ ਹੀ ਸਖ਼ਤੀ ਨਾਲ ਲਾਗੂ ਰੱਖੀ, ਪਰ ਕੁਝ ਸਮੇਂ ਬਾਅਦ ਹੀ, ਇਸਨੂੰ ਦੂਸਰੇ ਧਰਮਾਂ ਵਿੱਚ ਦਖਲ ਕਹਿੰਦਿਆਂ, ਗਊ-ਬੱਧ ਦੀ ਛੋਟ ਦੇ ਦਿੱਤੀ।

ਸਤਿਗੁਰੂ ਰਾਮ ਸਿੰਘ ਜੀ ਫਰੰਗੀਆਂ ਦੇ ਇਸ ਦੰਭ ਫਰੇਬ ਤੇ ਕੂਟਨੀਤੀਆਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਏਸੇ ਲਈ ਸਤਿਗੁਰੂ ਰਾਮ ਸਿੰਘ ਜੀ ਭਾਰਤ ਦੀ ਆਜ਼ਾਦੀ ਲਈ ਜੋ ਕਦਮ ਚੁੱਕ ਰਹੇ ਸਨ, ਭਾਵੇਂ ਸਹਿਜ ਹੀ ਜਾਪਦੇ ਸਨ, ਪਰ ਅੱਗੇ ਚੱਲ ਕੇ, ਇਨ੍ਹਾਂ ਸਹਿਜ ਦਿਸਦੇ ਕੰਮਾਂ ਨੇ ਹੀ ਅੰਗਰੇਜ਼ਾਂ ਦੀ ਨੀਂਦ ਹਰਾਮ ਕਰ ਦਿੱਤੀ। ਸਤਿਗੁਰੂ ਜੀ ਨੇ ਸਾਰੇ ਨਾਮਧਾਰੀ ਸਿੱਖਾਂ ਨੂੰ, ਗੁਰਮੁਖੀ ਜ਼ੁਬਾਨ ਪੜ੍ਹਨਾ ਤੇ ਲਿਖਣਾ ਤਾਂ ਲਾਜ਼ਮੀ ਕੀਤਾ ਹੀ, ਨਾਲ ਹੀ ਬੱਚਿਆਂ ਨੂੰ ਤੇ ਖ਼ਾਸ ਕਰ ਲੜਕੀਆਂ ਨੂੰ ਹੋਸ਼ ਸੰਭਾਲਣ ਦੇ ਨਾਲ ਹੀ ਗੁਰਮੁੱਖੀ ਅੱਖਰ ਪੜ੍ਹਣ ਦੀ ਤਾਗੀਦ ਵੀ ਕੀਤੀ। ਸਤਿਗੁਰੂ ਜੀ ਜਾਣਦੇ ਸਨ ਕਿ ਜੇ ਨਾਮਧਾਰੀ ਗੁਰਮੁੱਖੀ ਅੱਖਰ ਪੜ੍ਹ ਸਕਣਗੇ ਤਾਂ ਹੀ ਉਹ ਆਪਣਾ ਅਮੀਰ ਵਿਰਸਾ, ਗੁਰਬਾਣੀ, ਸਿੱਖ ਤਵਾਰੀਖ਼ ਅਤੇ ਪੁਰਾਤਨ ਨੀਤੀ ਗ੍ਰੰਥਾਂ ਨੂੰ ਪੜ੍ਹ ਸਕਣਗੇ ਅਤੇ ਆਪਣੀਆਂ ਪ੍ਰੰਪਰਾਵਾਂ, ਰਵਾਇਤਾਂ ਅਤੇ ਧਾਰਮਿਕ ਅਕੀਦਿਆਂ ਵਿੱਚ ਪੱਕੇ ਹੋਣਗੇ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੱਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੁਰਤਾਨ ਪੋਥੀਆਂ ਹਸਤ ਲਿਖਤ ਹੀ ਹੋਇਆ ਕਰਦੀਆਂ ਸਨ। ਅਕਾਲ-ਤਖਤ ਦੇ ਤਦਵਕਤੀ ਪੁਜਾਰੀਆਂ ਨੇ ਇਨ੍ਹਾਂ ਨੂੰ ਛਪਾਉਣ ਦੀ ਮਨਾਹੀ ਕੀਤੀ ਹੋਈ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਕੰਮ ਲਈ ਪਹਿਲ ਕੀਤੀ। ਪੰਜਾਬ ਵਿੱਚ ਈਸਾਈ ਮਿਸ਼ਨਰੀਆਂ ਨੇ ਈਸਾਈ ਮੱਤ ਦੇ ਪ੍ਰਚਾਰ ਲਈ ਛਾਪਾਖਾਨਾ ਲਗਾ ਕੇ ਆਪਣੇ ਧਾਰਮਿਕ ਕਿਤਾਬਚਿਆਂ ਦੀ ਛਪਾਈ ਸ਼ੁਰੂ ਕਰ ਦਿੱਤੀ ਸੀ। ਸਤਿਗੁਰੂ ਜੀ ਨੇ ਸ੍ਰ. ਬੂਟਾ ਸਿੰਘ ਲਾਹੌਰ ਜੋ ਮਹਾਰਾਣੀ ਜਿੰਦਾ ਦੇ ਖਜਾਨਚੀ ਰਹੇ ਸਨ ਅਤੇ ਸਤਿਗੁਰੂ ਜੀ ਦੇ ਸ਼ਰਧਾਵਾਨ ਸੇਵਕ ਸਨ, ਨੂੰ ਉੱਦਮ ਦਿੱਤਾ ਜਿਨ੍ਹਾਂ ਨੇ ਲਾਹੌਰ ਵਿੱਚ ਆਫ਼ਤਾਬ ਪ੍ਰੈਸ ਲਗਾਈ ਅਤੇ ਸਤਿਗੁਰੂ ਜੀ ਦੀ ਪ੍ਰੇਰਨਾ ਨਾਲ 1868 ਈ. ਵਿੱਚ ਪਹਿਲੀ ਵਾਰ ਆਪਣੀ ਪ੍ਰੈਸ ਵਿੱਚ ਪੱਥਰ ਦੇ ਛਾਪੇ ਨਾਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਛਾਪੀ। ਇਸ ਬੀੜ ਦੀ ਇਕ ਪਰਤੀ ਅੱਜ ਵੀ ਸ੍ਰੀ ਭੈਣੀ ਸਾਹਿਬ ਵਿੱਚ ਮੌਜੂਦ ਹੈ ਅਤੇ ਲੰਡਨ ਰੈਫਰੈਂਸ ਲਾਇਬ੍ਰੇਰੀ ਵਿੱਚ ਵੀ ਪੁਰਾਤਨ ਅਤੇ ਦੁਰਲੱਭ ਵਸਤਾਂ ਵੱਜੋਂ ਸੰਭਾਲੀ ਹੋਈ ਹੈ। ਇਸ ਬੀੜ ਦੇ ਪਹਿਲੇ ਪੰਨੇ 'ਤੇ ਛਪਿਆ ਹੋਇਆ ਹੈ।

"ਸ੍ਰੀ ਗੁਰੂ ਮਹਾਰਾਜ ਜੀ ਦੇ ਹੁਕਮ ਨਾਲ"

ਫਿਰ ਸਤਿਗੁਰੂ ਹਰੀ ਸਿੰਘ ਜੀ ਦੇ ਦਿੱਤੇ ਉੱਦਮ ਨਾਲ 1880 ਈ. ਵਿੱਚ ਦੁਬਾਰਾ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ ਹੋਈ।

ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਸਹਿਜ ਦਿਸਦੇ ਕੰਮਾਂ ਦੇ ਪਿੱਛੇ ਇਕ ਗਹਿਰੀ ਸੋਚ ਕੰਮ ਕਰਦੀ ਸੀ, ਜਿਸਨੇ ਪੰਜਾਬੀਆਂ ਦੇ ਦਿਲਾਂ ਅੰਦਰ ਦੇਸ਼ ਪਿਆਰ ਅਤੇ ਆਜ਼ਾਦੀ ਦੀ ਸ਼ਮ੍ਹਾਂ ਪ੍ਰਜਵਲਤ ਕਰ ਦਿੱਤੀ ਤੇ ਉਹਨਾਂ ਅੰਦਰ ਦੇਸ਼ ਪ੍ਰੇਮ ਦੀ ਸ਼ਮਾਂ ਲਟ-ਲਟ ਬਲੀ, ਅੰਗਰੇਜ਼ੀ ਸਰਕਾਰ ਅਤੇ ਅੰਗਰੇਜ਼ ਸਮਾਨ ਦਾ ਪੂਰਨ ਬਾਈਕਾਟ ਅਤੇ ਨਾ-ਮਿਲਵਰਤਨ ਜਿਹੋ ਜਿਹਾ ਨਾਮਧਾਰੀਆਂ ਨੇ ਕੀਤਾ, ਉਸਦੀ ਮਿਸਾਲ ਸੰਸਾਰ ਦੇ ਇਤਿਹਾਸ ਵਿੱਚ ਕਿਤੇ ਨਹੀਂ ਮਿਲਦੀ। ਇਹੀਓ ਨਾ-ਮਿਲਵਰਤਨ ਦਾ ਹਥਿਆਰ 50 ਸਾਲ ਬਾਅਦ ਮਹਾਤਮਾ ਗਾਂਧੀ ਨੇ ਅਪਣਾ ਕੇ ਆਜ਼ਾਦੀ ਦੀ ਲੜਾਈ ਲੜੀ। ਜਿਹੋ-ਜਿਹੀਆਂ ਸ਼ਹੀਦੀਆਂ ਨਾਮਧਾਰੀ ਸਿੰਘਾਂ ਨੇ, ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਅਤੇ ਮਲੇਰਕੋਟਲਾ ਵਿਖੇ ਦਿੱਤੀਆਂ, ਉਹ ਸ਼ਹੀਦੀਆਂ ਬਾਬਾ ਸੋਹਣ ਸਿੰਘ ਭਕਨਾ, ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਹੁਰਾਂ ਲਈ ਪ੍ਰੇਰਨਾ ਸਰੋਤ ਬਣੀਆਂ।

ਵੇਖਿਆ ਜਾਵੇ ਤਾਂ ਸਤਿਗੁਰੂ ਰਾਮ ਸਿੰਘ ਜੀ ਗ਼ੁਲਾਮ ਹਿੰਦੋਸਤਾਨ ਦੀ ਉਹ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਹਿੰਦ ਵਾਸੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਤੇ ਉਨ੍ਹਾਂ ਦੇ ਦਿਲਾਂ ਅੰਦਰ ਭਾਰਤ ਦੀ ਆਜ਼ਾਦੀ ਲਈ ਸ਼ਮ੍ਹਾਂ ਪ੍ਰਜਵਲਤ ਕੀਤੀ। ਸਤਿਗੁਰੂ ਜੀ ਦੀਆਂ ਨੀਤੀਆਂ ਤੇ ਚਲਦਿਆਂ ਹੀ ਗਦਰ ਪਾਰਟੀ, ਪਗੜੀ ਸੰਭਾਲ ਜੱਟਾ, ਬੱਬਰ ਲਹਿਰ, ਨੌਜੁਆਨ ਭਾਰਤ ਸਭਾ, ਇੰਡੀਅਨ ਨੈਸ਼ਨਲ ਕਾਂਗਰਸ ਤੇ ਹੋਰ ਆਜ਼ਾਦੀ-ਸੰਗਰਾਮੀਆਂ ਨੇ ਇਸ ਸ਼ਮ੍ਹਾਂ ਨੂੰ ਮਘਦੀ ਰੱਖਿਆ, ਸ਼ਹੀਦੀਆਂ ਦਿੱਤੀਆਂ ਅਤੇ ਭਾਰਤ ਵਰਸ਼ 15 ਅਗਸਤ 1947 ਨੂੰ ਆਜ਼ਾਦ ਹੋਇਆ।

..................................................

# ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਿਕ ਸੁਧਾਰਾਂ ਦਾ ਮੁਲਾਂਕਣ

**ਡਾ. ਬਲਵੀਰ ਕੌਰ**

ਕੂਕਾ-ਅੰਦੋਲਨ ਨੂੰ ਚਲਾਉਂਦੇ ਹੋਏ ਸਤਿਗੁਰੂ ਰਾਮ ਸਿੰਘ ਨੇ ਆਪਣੇ ਸਮੇਂ ਦੇ ਲੋਕਾਂ ਦੀ ਜੀਵਨ ਸ਼ੈਲੀ ਵਿਚ ਵਿਲੱਖਣਤਾ ਭਰਪੂਰ ਬਦਲਾਅ ਲਿਆਂਦਾ। ਸਿੱਖ ਗੁਰੂ ਸਾਹਿਬਾਨ ਦੇ ਉਦੇਸ਼ਾਂ ਅਨੁਸਾਰ ਚੱਲਣ ਅਤੇ ਭੈੜੀਆਂ ਤੇ ਕੋਝੀਆਂ ਰਹੁ-ਰੀਤਾਂ ਨੂੰ ਤਿਆਗ ਕੇ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ। ਮੜ੍ਹੀ ਪੂਜਾ, ਬੁੱਤ ਪੂਜਾ, ਕਬਰਾਂ ਆਦਿ ਨੂੰ ਮੰਨਣ ਦੀ ਸਖ਼ਤ ਮਨਾਹੀ ਕੀਤੀ। ਲੜਕੀਆਂ ਨੂੰ ਜੰਮਦੇ ਮਾਰਨ ਦੇ ਵਿਰੁੱਧ ਬੜਾ ਜ਼ੋਰਦਾਰ ਪ੍ਰਚਾਰ ਕੀਤਾ। ਅਨੰਦ ਕਾਰਜ ਦੀ ਰਸਮ ਤੋਰ ਕੇ ਖਰਚੀਲੇ ਵਿਆਹਾਂ ਤੋਂ ਛੁਟਕਾਰਾ ਦਿਵਾਇਆ। ਧਾਰਮਿਕ ਵਿਚਾਰਧਾਰਾ ਨੂੰ ਮੁੱਖ ਰੱਖਿਆ। ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਭਾਰਤੀ ਜਨਤਾ ਨੂੰ ਖੜ੍ਹਾ ਕੀਤਾ। ਪੱਛਮੀ ਸਭਿਆਚਾਰ ਤੇ ਪੱਛਮੀ ਤਹਿਜ਼ੀਬ ਦਾ ਭਾਰੀ ਵਿਰੋਧ ਅਤੇ ਹਰ ਪ੍ਰਕਾਰ ਦਾ ਪੂਰੀ ਤਰ੍ਹਾਂ ਨਾਲ ਬਾਈਕਾਟ ਭਾਵ ਨਾ-ਮਿਲਵਰਤਨ ਕਰਨ, ਖੱਦਰ ਪਹਿਨਣ, ਸਵਦੇਸੀ ਵਸਤਾਂ ਵਰਤਣ ਉੱਤੇ ਜ਼ੋਰ ਦਿੱਤਾ। ਕੂਕਾ-ਅੰਦੋਲਨ ਅੰਦਰ ਇਹਨਾਂ ਸਾਰਿਆਂ ਪ੍ਰਸੰਗਾਂ ਨੂੰ ਦੇਖਦੇ ਹੋਏ ਸਤਿਗੁਰੂ ਰਾਮ ਸਿੰਘ ਦੇ ਪੈਰੋਕਾਰਾਂ ਵਿਚ ਕ੍ਰਾਂਤੀਕਾਰੀ ਬਦਲਾਅ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਅੰਦੋਲਨ ਦੇ ਸਮਾਜਕ ਅਤੇ ਸਭਿਆਚਾਰਕ ਸਰੋਕਾਰਾਂ ਦਾ ਮੁਲਾਂਕਣ ਕਰਨ ਲਈ ਇਸਦੇ ਧਾਰਮਿਕ (ਪਰਿਪੇਖ) ਪ੍ਰਸੰਗ ਵਿਚਾਰਨਾ ਸਾਰ ਗਰਭਿਤ ਹੋਵੇਗਾ।

ਸਿੱਖੀ ਤੋਂ ਬੇਮੁੱਖ ਹੋਈ ਪੰਜਾਬੀ ਜਨਤਾ ਨੇ ਅੰਦੋਲਨ ਦਾ ਪ੍ਰਭਾਵ ਗ੍ਰਹਿਣ ਕੀਤਾ ਤੇ ਆਪਣੇ ਆਪ ਨੂੰ ਸ਼ਖਤ ਨਿਯਮਾਂ (ਸਿਧਾਂਤਾਂ) ਵਿਚ ਬੰਨ੍ਹਿਆ। ਜਦੋਂ ਸਤਿਗੁਰੂ ਰਾਮ ਸਿੰਘ ਦੁਆਰਾ ਆਪਣੇ ਪੈਰੋਕਾਰਾਂ ਨੂੰ ਨਾਮ ਜਪਣ ਦੀ ਹਦਾਇਤ ਕੀਤੀ ਜਾਂਦੀ ਹੈ ਤਾਂ ਉਹਨਾਂ ਦੇ ਪੈਰੋਕਾਰ ਤੜਕੇ ਉੱਠ ਕੇ, ਨਹਾ-ਧੋ ਕੇ ਬਾਣੀ ਦਾ ਪਾਠ ਕਰਦੇ ਹਨ ਤੇ ਇਸ ਤਰ੍ਹਾਂ ਆਪਣੇ ਗੁਰੂ ਦੁਆਰਾ ਦਿੱਤੀਆਂ ਹਦਾਇਤਾਂ ਅਨੁਸਾਰ ਚਲਦੇ ਹਨ। ਇਹਨਾਂ ਦੇ ਤੜਕੇ ਉੱਠ ਕੇ ਨਹਾਉਣ ਤੇ ਉਸ ਤੋਂ ਬਾਅਦ ਗੁਰਬਾਣੀ ਨਾਲ ਜੁੜਨ ਲਈ ਉੱਠਣ ਦੇ ਨਿਯਮ ਬਾਰੇ ਸਾਡੇ ਸਭਿਆਚਾਰ ਵਿਚ ਇਕ ਤੁਕ ਪ੍ਰਚਲਿਤ ਹੈ:

ਕੂਕੇ ਚੜ੍ਹ ਚੁਬਾਰੇ ਸੌਂਦੇ ਤਾਰੇ ਦੇਖਣ ਨੂੰ।

ਵਿਸ਼ਾਗਤ ਮੁਲਾਂਕਣ ਦੇ ਧਾਰਮਿਕ ਪ੍ਰਸੰਗ ਦੇ ਮੁਤਾਲਿਆ ਲਈ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਲਿਖੇ ਹੁਕਮਨਾਮੇ ਕਾਫ਼ੀ ਸਹਾਈ ਹੋ ਸਕਦੇ ਹਨ। ਭਜਨ ਬਾਣੀ ਕਰਨ ਤੇ ਨਾਮ ਜਪਣ ਬਾਰੇ ਇਕ ਹੁਕਮਨਾਮਾ ਹੈ:

ਹੋਰ ਭਾਈ ਖਾਲਸਾ ਜੀ ਸ੍ਰਬਤ ਨੇ ਭਜਨ ਬਾਣੀ ਕਰਨਾ ਤਕੜੇ ਹੋ ਕੇ। ਹੋਰ ਭਾਈ ਧਾਰਨਾ ਏਹੁ ਹੈ ਭਜਨ ਬਾਣੀ ਦੀ, ਜੇ ਕੰਮਕਾਰ ਤੇ ਬੇਲ ਹੋਵੇ ਤਾ ਏਕੰਤ ਹੋ ਕੇ ਭਜਨ ਬਾਣੀ ਕਰਨਾ। ਹੋਰ ਨਹੀ ਕੁਛ ਮੰਗਣਾ, ਇਕ ਨਾਮੁ ਈ ਮੰਗਣਾ। ਜੇ ਨਾਮ ਹੋਊ ਆਪਣੇ ਪਾਸ ਤਾ ਜਿਥੇ ਨਾਮ ਹੋਊ ਓਥੇ ਸਾਰੇ ਸੁਖ ਆਇ ਜਾਣਗੇ।[1]

ਇਸ ਬਾਰੇ ਇਕ ਹੋਰ ਹੁਕਮਨਾਮਾ ਹੈ :

ਸੋ ਜੀ ਸਾਰਾ ਮਤਲਬ ਏਹੁ ਹੈ ਬਾਣੀ ਬੀ ਪੜਨੀ ਤੇ ਭਜਨ ਬੀ ਕਰਨਾ, ਅਰ ਮੰਗਣਾ ਬੀ ਏਹੋ ਗੁਰੂ ਜੀ ਤੇ ਨਾਮੁ ਤੇ ਸਿਦਕੁ, ਸਿਦਕੁ ਏਸ ਦਾ ਨਾਉ ਹੈ ਜੋ ਕਦੇ ਨਾ ਫਿਰੀਏ ਗੁਰੂ ਜੀ ਤੇਰੇ ਹੁਕਮ ਤੇ। ਏਹੁ ਬਚਨ ਤਾ ਇਕ ਦੇ ਬਾਸਤੇ ਨਹੀ ਸਭ ਦੇ ਬਾਸਤੇ ਹਨ।[2]

ਧਾਰਮਿਕ ਜੀਵਨ ਜਿਉਂਦੇ ਹੋਏ ਨਾਮਧਾਰੀ ਆਪਣਾ ਨਿੱਤ ਜੀਵਨ ਬੜੀ ਸੁਚੱਜਤਾ ਨਾਲ ਬਿਤਾਉਂਦੇ ਹਨ। 'ਹੱਥ ਕਾਰ ਵੱਲ, ਚਿਤ ਯਾਰ ਵੱਲ' ਵਾਲੀ ਧਾਰਨਾ ਅਨੁਸਾਰ ਇਹ ਪੈਰੋਕਾਰ ਆਪਣੀ ਰੋਜ਼ੀ ਦੇ ਸਾਧਨਾਂ ਨੂੰ ਚਲਾਉਂਦੇ ਹੋਏ, ਆਪਣੇ ਗੁਰੂ ਵਿਚ ਪੂਰਨ ਵਿਸ਼ਵਾਸ਼ ਰੱਖਦੇ ਹਨ। ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਸਾਨੂੰ ਕੂਕਾ-ਇਤਿਹਾਸ ਵਿਚੋਂ ਮਿਲ ਜਾਂਦੀਆਂ ਹਨ, ਜਿਨ੍ਹਾਂ ਵਿਚ ਸਾਨੂੰ ਇਸ ਅੰਦੋਲਨ ਤਹਿਤ ਲੋਕਾਂ ਵਿਚ ਆਏ ਬਦਲਾਅ ਬਾਰੇ ਜਾਣਕਾਰੀ ਮਿਲਦੀ ਹੈ। ਕੂਕਾ-ਅੰਦੋਲਨ ਦੀਆਂ ਧਾਰਮਿਕ ਗਤੀਵਿਧੀਆਂ ਨੇ ਆਮ ਲੋਕਾਂ ਨੂੰ ਸਮਾਜਕ ਪੱਧਰ ਤੇ ਜਿਸ ਤਰ੍ਹਾਂ ਪ੍ਰਭਾਵਿਤ ਕੀਤਾ, ਉਹ ਆਪਣੇ ਤੌਰ ਤੇ ਲਾਸਾਨੀ ਕਾਰਜ ਹੈ। ਭਾਰਤੀ ਸੁਤੰਤਰਤਾ ਸੰਗਰਾਮ ਵਿਚਲੀ ਗਦਰ ਲਹਿਰ ਦੀ ਭੂਮਿਕਾ ਬਾਰੇ ਅਸੀਂ ਸਭ ਜਾਣੂ ਹਾਂ ਇਸ ਲਹਿਰ ਦੇ ਆਗੂ ਬਾਬਾ ਸੋਹਣ ਸਿੰਘ ਭਕਨਾ ਦੇ ਜੀਵਨ ਬਿਰਤਾਂਤ ਵਿਚ ਕੂਕਾ-ਅੰਦੋਲਨ ਦੇ ਧਾਰਮਿਕ ਯੋਗਦਾਨ ਦਾ ਜ਼ਿਕਰ ਅਕਸਰ ਆਉਂਦਾ ਹੈ। ਨਾਮਧਾਰੀ ਖੋਜੀ ਤਾਰਾ ਸਿੰਘ ਅਨਜਾਣ ਵੀ ਇਸ ਜ਼ਿਕਰ ਦਾ ਹਵਾਲਾ ਦਿੰਦੇ ਹਨ :

ਕੂਕੇ ਖ਼ੁਦ ਤਾਂ ਭਜਨ ਬੰਦਗੀ ਕਰਨ ਵਾਲੇ ਸੱਚੇ-ਸੁੱਚੇ

ਦੇਸ਼-ਭਗਤ ਸਿੱਖ ਸਨ। ਉਹ ਆਪਣੇ ਸੰਪਰਕ ਵਿਚ ਆਉਣ ਵਾਲੇ ਹਰ ਵਿਅਕਤੀ ਨੂੰ ਚੰਗੇ ਪਾਸੇ ਪ੍ਰੇਰਦੇ ਸਨ। ਬਾਬਾ ਸੋਹਣ ਸਿੰਘ ਭਕਨਾ ਜੁਆਨੀ ਵਿਚ ਵਿਗੜਿਆ ਹੋਇਆ, ਐਬੀ ਵਿਅਕਤੀ ਸੀ ਪਰ ਸੰਤ ਕੇਸਰ ਸਿੰਘ ਮੁਹਾਵਾ ਦੇ ਪ੍ਰਭਾਵ ਬਾਰੇ ਉਸਨੇ ਲਿਖਿਆ, "ਇਹਨਾਂ ਤੋਂ ਮੈਨੂੰ ਲੋਕ ਸੇਵਕ ਬਣਨ ਦੀ ਚੇਟਕ ਲੱਗੀ ਜੋ ਅਗਲੇ ਸਾਲਾਂ ਵਿਚ ਇਸ਼ਕ ਦੀ ਹੱਦ ਤੱਕ ਪਹੁੰਚ ਗਈ। ਮੇਰੀ ਜੀਵਨ ਕਹਾਣੀ-ਸੋਹਣ ਸਿੰਘ ਭਕਨਾ) ਭਕਨਾ ਜੀ ਅਮਰੀਕਾ, ਕਨੇਡਾ ਤੋਂ ਭਾਰਤ ਦੀ ਆਜ਼ਾਦੀ ਦੀ ਜੰਗ ਲੜਨ ਲਈ 1913 ਈ ਵਿਚ ਬਣੀ ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਸਨ।[3]

ਨਾਮ ਜਪਣ, ਆਤਮਿਕ ਰੂਪ ਵਿਚ ਉੱਚਾ ਚੁੱਕਣ, ਜਪੁ ਪ੍ਰਯੋਗ ਕਰਨ ਜਾਂ ਸ਼ੁੱਧ ਬਾਣੀ ਉਚਾਰਨ ਲਈ ਭੈਣੀ ਸਾਹਿਬ ਵਿਚ ਵਿਸ਼ੇਸ਼ ਪ੍ਰਬੰਧ ਹਨ। ਸਤਿਗੁਰੂ ਰਾਮ ਸਿੰਘ ਨੇ ਆਪਣੇ ਸੇਵਕਾਂ ਨੂੰ ਇਸ ਨਾਲ ਸਬੰਧਤ ਸਮੇਂ-ਸਮੇਂ ਹਦਾਇਤਾਂ ਦਿੱਤੀਆਂ। ਉਸ ਸੁਭਾਅ ਨੂੰ ਅੱਗੇ ਤੋਰਦੇ ਹੋਏ ਅੱਜ ਵੀ ਨਾਮਧਾਰੀ ਆਪਣੇ ਕੇਂਦਰ (ਭੈਣੀ ਸਾਹਿਬ) ਇਕੱਠੇ ਹੋ ਕੇ ਨਾਮ ਜਪਣ ਆਦਿ ਕਰਦੇ ਹਨ। ਜਤਿੰਦਰਪਾਲ ਸਿੰਘ ਜੌਲੀ ਲਿਖਦੇ ਹਨ :

ਪੰਜਾਬ ਦੇ ਘੁੱਗ ਵੱਸਦੇ ਕਾਰੋਬਾਰੀ ਸ਼ਹਿਰ ਲੁਧਿਆਣੇ ਦੇ ਚੜ੍ਹਦੇ ਪਾਸੇ ਮਸਾਂ 23 ਕਿਲੋਮੀਟਰ ਦੀ ਵਿੱਥ ਤੇ ਇਕ ਸਤਿਜੁਗੀ ਪਿੰਡ ਵੱਸਦਾ ਹੈ ਭੈਣੀ ਸਾਹਿਬ। ਜਿੱਥੇ ਅੱਠੇ ਪਹਿਰ ਆਤਮਿਕ ਉੱਚਤਾ ਲਈ ਪ੍ਰੋਗਰਾਮਾਂ ਦੀ ਛਹਿਬਰ ਲੱਗੀ ਰਹਿੰਦੀ ਹੈ।[4]

ਬਾਣੀ ਦੇ ਸ਼ੁੱਧ ਉਚਾਰਨ ਬਾਰੇ ਅੱਗੇ ਉਹ ਲਿਖਦੇ ਹਨ:

ਚਾਰ ਵਜੇ ਹਜ਼ੂਰੀ ਰਾਗੀ ਸਤਿਗੁਰਾਂ ਦੇ ਆਸਣ ਦੇ ਸਨਮੁਖ ਆ ਬਿਰਾਜਦੇ। ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਜਾਂਦਾ। ਕੀਰਤਨ ਦੌਰਾਨ, ਮਜਾਲ ਕਿਤੇ ਕੋਈ ਸਕਤਾ ਰਹਿ ਜਾਵੇ। ਸਤਿਗੁਰੂ ਆਪ ਬੋਚ ਕੇ ਸੁਰ ਸੋਧਦੇ ਤੇ ਰਾਗੀ ਉਨ੍ਹਾਂ ਦੇ ਪਿਛੇ ਅਲਾਪਦੇ, ਜਿੰਨੀ ਦੇਰ ਤਕ ਇਕ ਸੁਰ ਨਾ ਹੋ ਜਾਂਦੇ, ਗੁਰਬਾਣੀ ਦੀ ਪੰਕਤੀ ਅਗਾਂਹ ਨਾ ਚਲਦੀ।[5]

ਗਾਂ ਦਾ ਮਸਲਾ ਨਾਮਧਾਰੀਆਂ ਲਈ ਮਹੱਤਵਪੂਰਨ ਹੈ, ਉਹਨਾਂ ਦਾ ਧਾਰਮਿਕ ਜੀਵਨ ਇਸ ਨਾਲ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਹੈ। ਗਊ ਗਰੀਬ ਦੀ ਰੱਖਿਆ ਦਾ ਵਿਚਾਰ ਸਤਿਗੁਰੂ ਰਾਮ ਸਿੰਘ ਦੁਆਰਾ ਸੁਝਾਇਆ ਗਿਆ। ਕੂਕਾ ਪੈਰੋਕਾਰਾਂ ਨੇ ਇਸ ਵਿਚਾਰ ਨੂੰ ਇੰਨੀ ਸਖ਼ਤੀ ਨਾਲ ਅਪਣਾਇਆ ਕਿ ਉਨ੍ਹਾਂ ਇਸ ਮਸਲੇ ਵਿਚ ਦੂਜੀ ਗੱਲ ਨਾ ਵਿਚਾਰਦਿਆਂ ਤੁਰੰਤ ਕਾਰਵਾਈ ਕੀਤੀ ਜਿਸ ਵਿਚ ਉਨ੍ਹਾਂ ਬੁੱਚੜਾਂ ਨੂੰ ਤੁਰੰਤ ਸੋਧਣ ਦਾ ਕੰਮ ਕੀਤਾ।

ਅੰਗਰੇਜ਼ੀ ਸਾਮਰਾਜ ਨੇ ਗਊ ਹੱਤਿਆ ਦੇ ਧਾਰਮਿਕ ਮਸਲੇ ਨੂੰ ਆਪਣੇ ਰਾਜਨੀਤਕ ਉਦੇਸ਼ ਪ੍ਰਾਪਤ ਕਰਨ ਲਈ ਵਰਤਿਆ। ਹਿੰਦੂਆਂ ਲਈ ਗਾਂ ਮਾਤਾ ਦਾ ਸਥਾਨ ਰੱਖਦੀ ਹੈ ਪਰ ਅੰਗਰੇਜ਼ਾਂ ਨੇ ਮੁਸਲਮਾਨਾਂ ਨੂੰ ਬੁੱਚੜਖਾਨੇ ਖੋਲਣ ਦੀ ਇਜਾਜ਼ਤ ਦੇ ਕੇ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਤੇ ਆਪਣੇ ਉਦੇਸ਼ਾਂ ਲਈ ਵਰਤਿਆ। ਉੱਘੇ ਇਤਿਹਾਸਕਾਰ ਕਿਰਪਾਲ ਸਿੰਘ ਆਪਣੀ ਪੁਸਤਕ ਵਿਚ ਲਿਖਦੇ ਹਨ :

ਪੰਜਾਬ ਦੇ ਸ਼ਹਿਰਾਂ ਵਿਚ ਗਊ ਕਸ਼ੀ ਦੀ ਖੁੱਲ੍ਹ ਦੇ ਦਿੱਤੀ ਗਈ। ਅੰਗਰੇਜ਼ ਸਰਕਾਰ ਦੀ ਸਾਮਰਾਜਵਾਦੀ ਨੀਤੀ ਇਸ ਇਤਿਹਾਸਕਾਰ ਕਾਲ ਵਿਚ ਜਨਤਾ ਉੱਤੇ ਰਾਜ ਕਰਨ ਦਾ ਢੁੱਕਵਾਂ ਹਥਿਆਰ ਬਣ ਚੁੱਕੀ ਸੀ। ਇਸ ਪਿਛੇ ਵਿਦੇਸ਼ੀ ਸਰਕਾਰ ਦੀ ਇਹ ਨੀਤੀ ਕੰਮ ਕਰ ਰਹੀ ਸੀ ਕਿ ਹਿੰਦੂ ਸਿੱਖਾਂ ਨਾਲੋਂ ਮੁਸਲਮਾਨਾਂ ਵਿਚ ਵਖਰੇਵੇਂ ਨੂੰ ਉਤਸ਼ਾਹ ਦਿੱਤਾ ਜਾਵੇ ਅਤੇ ਗਊ ਹੱਤਿਆ ਨੂੰ ਰਾਜਨੀਤਕ ਹਥਿਆਰ ਵਜੋਂ ਵਰਤਿਆ ਜਾਵੇ।[6]

ਪਰ ਬ੍ਰਿਟਿਸ਼ ਸਰਕਾਰ ਦੀਆਂ ਅਜਿਹੀਆਂ ਨੀਤੀਆਂ ਵਿਰੁੱਧ ਕੂਕਾ ਪੈਰੋਕਾਰ ਖੁੱਲ੍ਹ ਕੇ ਸਾਹਮਣੇ ਆਏ ਤੇ ਇਸਦਾ ਵਿਰੋਧ ਕੀਤਾ। ਗਊ ਹੱਤਿਆ ਦੇ ਵਿਰੋਧ ਵਿਚ ਉਠੇ ਕੂਕਿਆਂ ਦੀਆਂ ਬਹੁਤ ਸਾਰੀਆਂ ਘਟਨਾਵਾਂ ਸਾਨੂੰ ਇਤਿਹਾਸ ਵਿਚੋਂ ਮਿਲਦੀਆਂ ਹਨ। ਪਰ ਸਾਕਾ ਮਲੇਰਕੋਟਲਾ ਹੋਣ ਲਈ ਜਿਹੜੀ ਘਟਨਾ ਮੁੱਖ ਭੂਮਿਕਾ ਅਦਾ ਕਰਦੀ ਹੈ ਉਸ ਬਾਰੇ ਇਕ ਇਤਿਹਾਸਕਾਰ ਲਿਖਦੇ ਹਨ :

12 ਜਨਵਰੀ 1872 ਦਾ ਵਾਕਿਆ ਹੈ ਕਿ ਨੰਬਰਦਾਰ ਗੁਰਮੁਖ ਸਿੰਘ ਭੈਣੀ ਸਾਹਿਬ ਮਾਘੀ ਦੇ ਮੇਲੇ ਤੇ ਜਾ ਰਿਹਾ ਸੀ ਤਾਂ ਰਸਤੇ ਵਿਚ ਉਸਨੂੰ ਮਲੇਰਕੋਟਲਾ ਵਿਖੇ ਇਕ ਅਰਾਈ, ਬੁਢੇ ਅਤੇ ਕਮਜ਼ੋਰ ਬਲਦ ਉੱਤੇ ਮਣਾਂ ਮੂੰਹੀਂ ਭਾਰ ਲੱਦੀ ਆਉਂਦਾ ਮਿਲਿਆ। ਜਿੱਥੇ ਬਲਦ ਉੱਤੇ ਮਣਾਂ ਮੂੰਹੀਂ ਭਾਰ ਸੀ ਉਥੇ ਉਹ ਆਪ ਵੀ ਬਲਦ ਉੱਤੇ ਸਵਾਰ ਹੋ ਕੇ ਬੈਠਾ ਆ ਰਿਹਾ ਸੀ। ਬਲਦ ਤੋਂ ਤੁਰਿਆ ਨਹੀਂ ਸੀ ਜਾਂਦਾ 'ਤੇ ਉਪਰੋਂ ਉਹ ਅਰਾਂਈ ਬਲਦ ਨੂੰ ਤੋਰਨ ਲਈ ਡੰਡੇ ਮਾਰ ਰਿਹਾ ਸੀ। ਗੁਰਮੁਖ ਸਿੰਘ ਨੇ ਉਸ ਆਦਮੀ ਨੂੰ ਇਹ ਕਹਿ ਦਿੱਤਾ ਕਿ ਇਕ ਗਊ ਦੇ ਜਾਏ ਨੂੰ ਏਨਾਂ ਤੰਗ ਕਿਉਂ ਕਰਦਾ ਹੈਂ, ਤੂੰ ਤਾਂ ਤੁਰ ਕੇ ਜਾ ਸਕਦਾ ਹੈ। ਨਿੱਕੀ ਜਿਹੀ ਤੂੰ-ਤੂੰ, ਮੈਂ-ਮੈਂ ਤੋਂ ਬਾਤ ਦਾ ਬਤੰਗੜ ਬਣ ਗਿਆ ਤੇ ਮਾਮਲਾ ਮੌਕੇ ਦੇ ਹਾਕਮਾਂ ਕੋਲ ਚਲਿਆ ਗਿਆ। ਹਾਕਮਾਂ ਨੇ ਗੁਰਮੁਖ ਸਿੰਘ ਦੀ

ਫਰਿਆਦ ਤਾਂ ਕੀ ਸੁਣਨੀ ਸੀ ਸਗੋਂ ਉਸਦੀਆਂ ਨਜ਼ਰਾਂ ਸਾਹਮਣੇ ਬਲਦ ਨੂੰ ਜਿਲ੍ਹਾ ਕਰਵਾ ਦਿੱਤਾ ਗਿਆ ਜੋ ਮੌਕੇ ਤੇ ਹੀ ਦਮ ਤੋੜ ਗਿਆ।[7]

ਉਪਰੋਕਤ ਘਟਨਾ ਤੋਂ ਦੁਖੀ ਹੋ ਕੇ ਗੁਰਮੁਖ ਸਿੰਘ ਭੈਣੀ ਸਾਹਿਬ ਗਿਆ ਤੇ ਉਸਨੇ ਇਹ ਸਾਰੀ ਘਟਨਾ ਸੁਣਾਈ। ਕੂਕਾ ਪੈਰੋਕਾਰ ਪਹਿਲਾਂ ਹੀ ਰਾਇਕੋਟ, ਅੰਮ੍ਰਿਤਸਰ ਹਰਿਮੰਦਰ ਸਾਹਿਬ ਤੇ ਮਲੇਰਕੋਟਲੇ ਵਿਚ ਹੁੰਦੇ ਗਊਘਾਤ ਤੋਂ ਦੁੱਖੀ ਸਨ। ਇਸ ਘਟਨਾ ਨੇ ਬਲਦੀ ਉੱਤੇ ਤੇਲ ਪਾ ਕੇ ਨਾਮਧਾਰੀ ਸੂਰਬੀਰਾਂ ਅੰਦਰ ਭਾਂਬੜ ਬਾਲ ਦਿੱਤੇ। ਸਤਿਗੁਰੂ ਰਾਮ ਸਿੰਘ ਦੇ ਹਾਲੇ ਰੁਕਣ ਬਾਰੇ ਕਹਿਣ ਤੇ ਵੀ ਇਹ ਨਾ ਰੁਕੇ ਤੇ ਉਹਨਾਂ ਜੋਸ਼ ਵਿਚ ਆ ਕੇ ਮਲੇਰਕੋਟਲੇ ਬੁੱਚੜਖਾਨਿਆਂ 'ਤੇ ਧਾਵੇ ਬੋਲ ਦਿੱਤੇ ਅਤੇ ਗਊ ਹਤਿਆਰਿਆਂ ਨੂੰ ਖਤਮ ਕਰ ਦਿੱਤਾ। ਅੰਗਰੇਜ਼ ਸਰਕਾਰ ਨੂੰ ਨਾਮਧਾਰੀਆਂ ਖਿਲਾਫ਼ ਅਦਾਲਤੀ ਕਾਰਵਾਈ ਕਰਨ ਦਾ ਸਹੀ ਮੌਕਾ ਮਿਲ ਗਿਆ ਅਤੇ ਉਨ੍ਹਾਂ ਨਾਮਧਾਰੀਆਂ ਨੂੰ ਬਾਗ਼ੀ ਕੌਮ ਕਰਾਰ ਦੇ ਕੇ ਸਖ਼ਤੀਆਂ ਵਧਾ ਦਿੱਤੀਆਂ।ਪਰ ਨਾਮਧਾਰੀਆਂ ਨੇ ਆਪਣਾ ਕਸੂਰ ਮੰਨ ਕੇ ਖਿੜੇ ਮੱਥੇ ਆਪਣੀਆਂ ਸਜ਼ਾਵਾਂ ਭੁਗਤੀਆਂ ਤੇ ਕੁਰਬਾਨੀਆਂ ਦਿੱਤੀਆਂ।

1891 ਈ ਦੀ ਜਨਗਣਨਾ ਤੇ ਮਲੇਰਕੋਟਲੇ ਦੇ ਸਾਕੇ ਨੂੰ ਜੋੜਦੇ ਹੋਏ ਇਕ ਅੰਗਰੇਜ਼ ਅਧਿਕਾਰੀ ਦੀ ਰਿਪੋਰਟ ਜਿਸ ਵਿਚ ਉਨ੍ਹਾਂ ਕੂਕਾ ਜਾਂ ਨਾਮਧਾਰੀਆਂ ਦੀ ਗਿਣਤੀ ਆਦਿ ਦਿੱਤੀ ਹੈ :

Ram Singh and his doctrines were responsible for what had happened in Maller Kotla, he had become a danger to the State, as similar disturbances might be created at any time by his followers... The Kukas will often try to conceal the fact of their belonging to this sect and many of them call themselves 'Namdhari'.

*Kukas Hindu.....690*
Kukas Sikh.......10,541
*Kuka Mussalmans.......*5

*They are also supposed to avoid meat and spirits of all kinds : and they allow marriage outside the caste. They have also a belief in Govind Singh as the only Guru and in his incarnation as Ram Singh, and look forward to the establishment of the Khalsa as a temporal dominion. Many of them refuse to believe in the death of Ram Singh and expect his reappearance. In other respects they are merely a puritanical Sikh sect of the School of Gobind, with more marked hated of Mahomedans, butchers and tobacco than that held by most Sikhs. In Sirsa, where there is a small colony of them under the command of one of Ram Singh's immediate adherents, they are looked on with some contempt by their Sikh neighbours as harmless fanatics, but are credited with a purer morality and a stricter regard for truth than most people.*

*Census of India1891; Volume XIX Part- I*
*By: E.D.Maclegan*[8]

ਕੂਕਾ-ਅੰਦੋਲਨ ਦੇ ਸਮਾਜਕ ਅਤੇ ਸਭਿਆਚਾਰਕ ਸਰੋਕਾਰਾਂ ਦਾ ਧਾਰਮਿਕ ਪੱਖ ਤੋਂ ਮੁਲਾਂਕਣ ਕਰਦੇ ਹੋਏ ਅਸੀਂ ਵਿਆਹ ਆਦਿ ਦੀਆਂ ਰਸਮਾਂ ਨੂੰ ਵੀ ਵਿਚਾਰ ਸਕਦੇ ਹਾਂ। ਜਿਸ ਅੰਤਰਗਤ ਸਤਿਗੁਰੂ ਰਾਮ ਸਿੰਘ ਦੀ ਚਲਾਈ ਸਸਤੀ ਤੇ ਸਾਦੀ ਰੀਤੀ ਅਨੁਸਾਰ ਆਨੰਦ ਕਾਰਜ ਕੀਤੇ ਜਾਂਦੇ ਹਨ। ਨਾਮਧਾਰੀ ਪੈਰੋਕਾਰ ਆਪਣੇ ਗੁਰੂ ਦੇ ਚਲਾਏ ਨਿਯਮਾਂ ਅਨੁਸਾਰ ਬੜੇ ਸਾਦੇ ਵਿਆਹ ਕਰਦੇ ਹਨ। ਜਿਸ ਵਿਚ ਪੂਰੀ ਤਰ੍ਹਾਂ ਧਾਰਮਿਕਤਾ ਨੂੰ ਮੁੱਖ ਰੱਖਿਆ ਜਾਂਦਾ ਹੈ। ਇਹ ਵਿਆਹ ਸਮੂਹਿਕ ਰੂਪ ਵਿਚ ਕੀਤੇ ਜਾਂਦੇ ਹਨ। ਨਾਮਧਾਰੀ ਕਿਸੇ ਤਰ੍ਹਾਂ ਦੇ ਸਮਾਜਕ ਦਬਾਅ ਨੂੰ ਨਾ ਮੰਨਦੇ ਹੋਏ ਆਪਣੇ ਵਿਆਹ ਅਨੰਦ ਕਾਰਜ ਦੀ ਰੀਤੀ ਅਨੁਸਾਰ ਕਰਦੇ ਹਨ। ਅਜਿਹੇ ਕਦਮ ਪੁੱਟਣ ਕਾਰਨ ਹੀ ਕੋਈ ਆਰਥਿਕ ਭਾਰ ਨਾ ਸਹਿਣ ਕਰਕੇ ਨਾਮਧਾਰੀ ਪਰਿਵਾਰ ਸਮਰਿਧ ਦੇਖੇ ਜਾਂਦੇ ਹਨ। ਬੱਚੇ ਦੇ ਜਨਮ ਉੱਤੇ ਤੇ ਮੌਤ ਸਮੇਂ ਬਹੁਤ ਸਾਰੀਆਂ ਰੂੜ੍ਹੀਆਂ ਪ੍ਰਚਲਿਤ ਸਨ। ਜਿਨ੍ਹਾਂ ਵਿੱਚ ਜਿਵੇਂ ਜਨਮ ਸਮੇਂ ਬੱਚੇ ਤੇ ਔਰਤ ਨੂੰ ਛਿਲ੍ਹੇ ਵਿਚ ਸਮਝ ਕੇ ਕਿਸੇ ਤਰ੍ਹਾਂ ਦੇ ਸਮਾਜਕ ਸੰਪਰਕ ਤੋਂ ਦੂਰ ਰੱਖਿਆ ਜਾਂਦਾ ਸੀ। ਮੌਤ ਸਮੇਂ ਵਿਰਲਾਪ ਕੀਤਾ ਜਾਂਦਾ ਸੀ ਤੇ ਮਕਾਣਾਂ ਆਦਿ ਦਾ ਵੀ ਰਿਵਾਜ਼ ਸੀ ਪਰ ਨਾਮਧਾਰੀਆਂ ਵਿਚ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਕੀਤਾ ਜਾਂਦਾ। ਪਰਿਵਾਰ ਦਾ ਪੂਰਾ ਧਿਆਨ ਬਾਣੀ ਪਾਠ ਉੱਤੇ

ਲਗਾਇਆ ਜਾਂਦਾ ਹੈ ਤੇ ਭਾਣਾ ਮੰਨਣ ਦੀ ਸ਼ਕਤੀ ਦੀ ਮੰਗ ਕੀਤੀ ਜਾਂਦੀ ਹੈ। ਅਜਿਹੇ ਸਮੇਂ ਸਰੀਰਕ ਸਫ਼ਾਈ ਆਦਿ ਦੀਆਂ ਹਦਾਇਤਾਂ ਵੀ ਲਹਿਰ ਦੇ ਆਗੂ ਦੁਆਰਾ ਦਿੱਤੀਆਂ ਗਈਆਂ। ਜਿਸ ਅੰਤਰਗਤ ਸਰੀਰਕ ਗੰਦਗੀ ਨੂੰ ਬਿਨਾਂ ਆਲਸ ਤਿਆਗ ਕੇ ਤੜਕੇ ਹੀ ਇਸ਼ਨਾਨ ਕਰਕੇ ਗੁਰਬਾਣੀ ਦਾ ਪਾਠ ਕਰਨਾ ਸੁਝਾਇਆ ਜਾਂਦਾ ਹੈ।

ਨਾਮਧਾਰੀਆਂ ਵਿਚ ਸੁੱਚ ਸੋਧ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਸਮੇਂ ਦੀ ਮੰਗ ਨੇ ਭਾਵੇਂ ਸਖ਼ਤ ਨਿਯਮ ਨਾਮਧਾਰੀਆਂ ਨੂੰ ਦਿੱਤੇ, ਪਰ ਉਨ੍ਹਾਂ ਦਾ ਅਜਿਹਾ ਵਿਵਹਾਰ ਕਈ ਵਾਰ ਹਿੰਦੂ ਧਰਮ ਦੇ ਛੂਤ-ਅਛੂਤ ਦੇ ਵਿਚਾਰ ਤੋਂ ਵੀ ਅੱਗੇ ਨਿਕਲ ਜਾਂਦਾ ਹੈ।ਉਹ ਬੜੀ ਸਖ਼ਤੀ ਨਾਲ ਇਸ ਦੀ ਪਾਲਣਾ ਕਰਦੇ ਹਨ। ਸੁੱਚ ਸੋਧ ਵਿਚਲੀ ਪਕਿਆਈ ਬਾਰੇ ਉਨ੍ਹਾਂ ਬਾਰੇ ਇਕ ਤੁਕ ਪ੍ਰਚਲਿਤ ਹੈ :

ਕੂਕੇ ਬੜੇ ਕਸੂਤੇ, ਗੜਵੀ ਨਾ ਦਿੰਦੇ ਨ੍ਹਾਉਣ ਨੂੰ।

ਪਰ ਇਸ ਦੇ ਨਾਲ-ਨਾਲ ਨਾਮਧਾਰੀਆਂ ਵਿਚ ਵਿਲੱਖਣ ਤਰ੍ਹਾਂ ਦੀ ਨਿਮਰਤਾ ਦੇਖਣ ਨੂੰ ਮਿਲਦੀ ਹੈ।ਕੋਈ ਵੱਡੇ-ਛੋਟੇ ਦਾ ਫ਼ਰਕ ਨਾ ਹੋ ਕੇ ਫਤਹਿ ਬੁਲਾਣਾ ਇਹਨਾਂ ਦੀ ਨਿਮਰਤਾ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ, ਜਿਸ ਵਿਚ ਸਾਹਮਣੇ ਵਾਲੇ ਨੂੰ ਗੁਰੂ ਰੂਪ ਸਮਝ ਕੇ ਅਦਬ ਨਾਲ ਸਿਰ ਝੁਕਾਇਆ ਜਾਂਦਾ ਹੈ। ਆਪਸੀ ਭਾਈਚਾਰਕ ਸਾਂਝ ਅਜਿਹੀ ਹੈ ਕਿ ਕਿਸੇ ਤਰ੍ਹਾਂ ਦੀ ਆਰਥਿਕ ਸਹਾਇਤਾ ਵੀ ਰਲ-ਮਿਲ ਕੇ ਕੀਤੀ ਜਾਂਦੀ ਹੈ। ਵਿਆਜ਼ ਆਦਿ ਬਿਲਕੁਲ ਨਹੀਂ ਲਿਆ ਜਾਂ ਦਿੱਤਾ ਜਾਂਦਾ। ਨੈਤਿਕ ਉੱਚਤਾ ਇੰਨੀ ਹੈ ਕਿ ਕਿਤੋਂ ਵੀ ਮਿਲੀ ਬੇਗਾਨੀ ਅੰਸ਼ ਅਪਣਾਈ ਨਹੀਂ ਜਾਂਦੀ, ਸਗੋਂ ਮਾਲਕ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਕੂਕਾ-ਅੰਦੋਲਨ ਦੇ ਸਮਾਜਕ ਅਤੇ ਸਭਿਆਚਾਰਕ ਸਰੋਕਾਰਾਂ ਦਾ ਮੁਲਾਂਕਣ ਧਾਰਮਿਕ ਪੱਖ ਤੋਂ ਕਰਨ 'ਤੇ ਸਾਨੂੰ ਪਤਾ ਚੱਲਦਾ ਹੈ ਕਿ ਸਤਿਗੁਰੂ ਰਾਮ ਸਿੰਘ ਨੇ ਇਸ ਅੰਦੋਲਨ ਤਹਿਤ ਜਿਹੜੇ ਸਖ਼ਤ ਨਿਯਮ ਨਿਰਧਾਰਿਤ ਕੀਤੇ, ਉਹ ਜਿਹਨਾਂ ਸੂਰਬੀਰਾਂ ਜਾਂ ਬਹਾਦਰ ਵਿਅਕਤੀਆਂ ਦੁਆਰਾ ਅਪਣਾਏ, ਉਹਨਾਂ ਨੇ ਪੂਰੀ ਤਰ੍ਹਾਂ ਇਸ ਦਾ ਪਾਲਣ ਵੀ ਕੀਤਾ। ਅੱਜ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਾਹਨੁਮਾਈ ਨਾਲ ਇਹ ਨਿਯਮ ਇੰਨੇ ਸਹਿਜ ਰੂਪ ਵਿਚ ਅਪਣਾਏ ਗਏ ਹਨ ਕਿ ਨਾਮਧਾਰੀ ਇਸ ਨੂੰ ਬੜੇ ਅਰਾਮ ਨਾਲ ਅੱਗੇ ਆਪਣੀਆਂ ਪੀੜ੍ਹੀਆਂ ਵਿਚ ਸੰਚਾਰਿਤ ਕਰ ਰਹੇ ਹਨ। ਨਾਮਧਾਰੀ ਪੂਰੀ ਤਰ੍ਹਾਂ ਧਾਰਮਿਕ ਜੀਵਨ ਬਤੀਤ ਕਰ ਰਹੇ ਹਨ। ਕਿਸੇ ਵੀ ਤਰ੍ਹਾਂ ਦੇ ਨਕਾਰਾਤਮਕ ਪੱਛਮੀ ਪ੍ਰਭਾਵ ਤੋਂ ਰਹਿਤ ਹਨ ਤੇ ਆਪਸੀ ਭਾਈਚਾਰਕ ਸਾਂਝ ਨਾਲ ਪੂਰੀ ਦੁਨੀਆਂ ਵਿਚ ਵਿਲੱਖਣ ਸਖ਼ਸ਼ੀਅਤ ਦੇ ਧਾਰਨੀ ਬਣ ਕੇ ਆਪਣੀ ਅਲੱਗ ਪਹਿਚਾਣ ਬਣਾ ਰਹੇ ਹਨ।


ਕੂਕਾ- ਅੰਦੋਲਨ ਦੇ ਸਮਾਜਕ ਅਤੇ ਸਭਿਆਚਾਰਕ ਸਰੋਕਾਰਾਂ ਦੇ ਮੁਲਾਂਕਣ ਵਿਚ ਇਸ ਦੇ ਧਾਰਮਿਕ ਯੋਗਦਾਨ ਨੂੰ ਜ਼ੇਰੇ-ਬਹਿਸ ਲਿਆਉਣਾ ਸਹਾਈ ਹੋਵੇਗਾ। ਕੂਕਾ-ਅੰਦੋਲਨ ਤਹਿਤ ਜਿਸ ਤਰ੍ਹਾਂ ਦੀਆਂ ਧਾਰਮਿਕ ਗਤੀਵਿਧੀਆਂ ਅਤੇ ਕਾਰਜ ਸੰਪੰਨ ਕੀਤੇ ਜਾਂਦੇ ਰਹੇ, ਉਹਨਾਂ ਨੇ ਤਤਕਾਲੀ ਸਮਾਜ ਅਤੇ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤੀ ਵਿਆਹ ਪ੍ਰਣਾਲੀ ਨੂੰ ਸਰਲ-ਕਾਰਜ ਬਣਾ ਕੇ ਅਤੇ ਗਊ ਹੱਤਿਆ ਰੋਕਣ ਲਈ ਕੀਤੇ ਪ੍ਰਯਤਨ ਅਤੇ ਦਿੱਤੀਆਂ ਕੁਰਬਾਨੀਆਂ ਨੇ ਸਮਾਜਕ ਤੌਰ ਤੇ ਇੱਕ ਉਹ ਪ੍ਰਭਾਵ ਬਣਾਇਆ ਜਿਸ ਨਾਲ ਕਈ ਸਮਾਜਕ ਕੁਰੀਤੀਆਂ ਤੋਂ ਆਮ ਬੰਦੇ ਦਾ ਖਹਿੜਾ ਛੁਟ ਗਿਆ। ਇਸੇ ਤਰ੍ਹਾਂ ਨਾ ਸਿਮਰਨ, ਸ਼ੁੱਧ ਬਾਣੀ ਉਚਾਰਨ ਅਤੇ ਨਿਮਾਣੇ ਤੇ ਮਸਕੀਨ ਬਣ ਕੇ ਮਿੱਠਾ ਬੋਲਣ ਦੀ ਨਿਯਮਾਵਲੀ ਦੇ ਧਾਰਮਿਕ ਅਕੀਦੇ ਨੇ ਤਤਕਾਲੀ ਸਭਿਆਚਾਰਕ ਮੁੱਲ-ਪ੍ਰਬੰਧਾਂ ਨੂੰ ਆਪਣੇ ਤੌਰ ਤੇ ਪ੍ਰਭਾਵਿਤ ਕੀਤਾ ਹੈ। ਇਸ ਤਰ੍ਹਾਂ ਦੀ ਰੋਜ਼ਮਰਾ ਜੀਵਨ-ਸ਼ੈਲੀ ਨੇ ਮਨੁੱਖ ਨੂੰ ਆਤਮਿਕ ਤੌਰ ਤੇ ਉਦਾਤ ਦੀ ਅਵਸਥਾ ਵਿਚ ਲਿਆਂਦਾ, ਜਿਸ ਕਰਕੇ ਉਸਦੀ ਸਖ਼ਸ਼ੀਅਤ ਵਿਚ ਇਕ ਸੱਭਿਅਕ ਜੀਵ ਦੇ ਤੱਤ ਨਿਰਮਿਤ ਹੁੰਦੇ ਹਨ।

## ਹਵਾਲੇ ਤੇ ਟਿੱਪਣੀਆਂ


1. ਹੁਕਮਨਾਮਾ-33
2. ਹੁਕਮਨਾਮਾ-32
3. ਸਤਿਯੁਗ, ਪ੍ਰਥਮ ਅਸਹਿਯੋਗ ਅੰਦੋਲਨ 2001, ਤਾਰਾ ਸਿੰਘ ਅਨਜਾਣ, ਪੰਨਾ-85
4. ਸਤਿਯੁਗ, ਪ੍ਰਥਮ ਅਸਹਿਯੋਗ ਅੰਦੋਲਨ 2001, ਜਤਿੰਦਰ ਪਾਲ ਸਿੰਘ ਜੌਲੀ, ਪੰਨਾ-103
5. ਉਹੀ, ਪੰਨਾ-104
6. ਕਿਰਪਾਲ ਸਿੰਘ ਕਸੇਲ, ਤਵਾਰੀਖ਼ ਸੰਤ ਖਾਲਸਾ, ਪੰਨਾ-633
7. ਪ੍ਰਥਮ ਅਸਹਿਯੋਗ ਅੰਦੋਲਨ ਅੰਕ 2007 ਸਤਿਜੁਗ, ਡਾ. ਲਖਵੀਰ ਸਿੰਘ ਨਾਮਧਾਰੀ, ਨਾਮਧਾਰੀ ਸਿੱਖਾਂ ਦੀਆਂ ਗਊ-ਗਰੀਬ ਲਈ ਕੁਰਬਾਨੀਆਂ, ਪੰਨਾ-99-100
8. ਸਤਿਜੁਗ 2002, ਇਤਿਹਾਸਕ ਸਮੱਗਰੀ ਅੰਕ, Kukas as per census of India, Page 139


..............................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**ਗੁਰੂ ਕੇ ਵੈਦ ਦੀ ਚਿੱਠੀ –** ਅੱਜ ਮੇਰੀ ਡਾਕ ਵਿੱਚ ਬਨਾਰਸੋਂ ਵੈਦ ਗੁਰਦੇਵ ਸਿੰਘ ਦੀ ਚਿੱਠੀ ਆਈ 8-1-87 ਦੀ ਲਿਖੀ ਹੋਈ, ਇਸ ਚਿੱਠੀ ਦਾ ਇੱਕ ਪੈਰਾ ਸੰਭਾਲਣ ਯੋਗ ਹੈ :

"ਜੋ ਮੈਨੂੰ ਕਿਤਾਬ (ਪੜ੍ਹਨ ਲਈ) ਲੱਗੀ ਹੈ, ਉਸਦਾ ਨਾਮ ਹੈ 'ਲਘੂ ਸਿਧਾਂਤ ਕੌਮੁ ਦੀ'। ਸ੍ਰੀ ਰਘੁਬੀਰ ਸਿੰਘ ਉਪ ਮਹੰਤ ਨੇ ਦੱਸਿਆ ਕਿ ਸ਼੍ਰੀ (ਇੰਦ੍ਰ ਸਿੰਘ) ਚਕਰਵਰਤੀ (ਸਵਰਗਵਾਸੀ ਨਾਮਧਾਰੀ ਆਗੂ) ਇੱਕ ਵਾਰੀ ਹਰਿਦਵਾਰ ਵਿੱਚ ਸੰਸਕ੍ਰਿਤ ਲਿਖਣ ਗਏ ਸਨ। ਪਟਿਆਲਾ ਹਾਊਸ ਵਿੱਚ ਉਹਨਾਂ ਸੰਸਕ੍ਰਿਤ ਪੜ੍ਹਨੀ ਸ਼ੁਰੂ ਕੀਤੀ। ਇਸ ਕਿਤਾਬ ਵਿੱਚ ਸ਼ੁਰੂ ਤੋਂ ਥੋੜ੍ਹਾ ਅੱਗੇ ਜਾ ਕੇ ਇੱਕ ਸਲੋਕ ਆਉਂਦਾ ਹੈ, 'ਇਤੀ ਮਹੇਜੂ ਰਾਣੀ ਸੰਗਿਆਰ ਬਾਣੀ ਏਸ਼ ਅੰਤਿਆ ਇਤਕ' ਯਾਦ ਰਹੇ ਇਹ ਸਾਰੀ ਕਿਤਾਬ ਕੰਠ ਕਰਨੀ ਹੈ ਤਾਂ ਜਾ ਕੇ ਕੁਝ ਸੰਸਕ੍ਰਿਤ ਦਾ ਗਿਆਨ ਹੁੰਦਾ ਹੈ। ਸੋ ਚਕਰਵਰਤੀ ਜੀ ਨੇ ਸ਼ੁਰੂ ਕਰ ਲਈ ਇਹ, ਤੇ ਮਹੇਸ਼ਵਰਾਣੀ ਤੇ ਜਾ ਕੇ ਆਖਣ ਲੱਗੇ, "ਮਹੇਸ਼ਵਾਰਾਣੀ ਨੂੰ ਕਦੇ ਨ ਆਣੀ ਜੇ ਆਣੀ ਤਾਂ ਭੁੱਲ ਭੁੱਲ ਜਾਣੀ।" ਇਹ ਬੜੀ ਔਖੀ ਘਾਟੀ ਹੈ। ਸਤਿਗੁਰੂ ਜੀ ਕਿਰਪਾ ਕਰਨ ਮੇਰਾ ਸੰਕਲਪ ਨੇਪਰੇ ਚੜ੍ਹੇ।"

### 16 ਜਨਵਰੀ 1987, ਸ਼ੁੱਕਰਵਾਰ
### ਨਵੀਂ ਦਿੱਲੀ

**ਮੌਸਮ –** ਦਿੱਲੀ ਅੱਜ ਗਿੱਲੀ ਹੋ ਗਈ ਹੈ। ਧੂੰਏ ਨਾਲ ਕਾਲੇ ਹੋਏ ਰੁੱਖਾਂ ਨੂੰ ਸਾਰਾ ਦਿਨ ਮੱਠੀ ਮੱਠੀ ਪੈਂਦੀ ਰਹੀ ਫੁਹਾਰ ਨੇ ਨੁਹਾ ਧੁਆ ਕੇ ਸਾਫ਼ ਸੁਥਰਿਆਂ ਕਰ ਦਿੱਤਾ ਹੈ। ਕਈ ਵਾਰ ਤਾਂ ਦਿਨ ਵਿੱਚ ਪੈਂਦੀ ਬਰਖਾ ਦੇ ਨੇ ਜਲ ਥਲ ਵੀ ਕਰ ਦਿੱਤਾ। ਪਰ ਦਿੱਲੀ ਇਸ ਗੱਲੋਂ ਚੰਗੀ ਹੈ ਕਿ ਪਾਣੀ ਦੇ ਭਰੇ ਬਾਜ਼ਾਰ ਅਤੇ ਸੜਕਾਂ ਛੇਤੀ ਹੀ ਲੁਕ ਜਾਂਦੇ ਹਨ। ਜ਼ਮੀਨ ਦੋਜ਼ ਨਾਲਿਆਂ ਤੇ ਵੱਡੇ ਨੰਗੇ ਨਾਲਿਆਂ ਨਾਲ ਸਾਰਾ ਪਾਣੀ ਛੇਤੀ ਜਮਨਾ ਵਿੱਚ ਪਹੁੰਚ ਜਾਂਦਾ ਹੈ। ਭਗਵਾਨ ਕ੍ਰਿਸ਼ਨ ਵੇਲੇ ਦੀ ਜਮਨਾ ਨੂੰ ਇਹ ਪਤਾ ਨਹੀਂ ਸੀ ਕਿ ਕਦੀ ਸ਼ਹਿਰਾਂ ਦਾ ਸਾਰਾ ਗੰਦ ਉਸਨੂੰ ਹੀ ਹੰਗਾਲਣਾ ਪਿਆ ਕਰੇਗਾ।

**ਕੋਠੀ 1/6 ਬੀ ਪੂਸਾ ਰੋਡ –** ਆਸਾ ਦੀ ਵਾਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਦਿਆਂ ਸਾਧ ਸੰਗਤ ਨੇ ਭਾਵੇਂ ਰਮੇਸ਼ ਨਗਰ ਧਰਮਸਾਲਾ ਵਿੱਚ ਹੀ ਸੁਣੀ ਪਰ ਮੈਂ ਦਰਸ਼ਨ ਕਰਨ ਮੱਠੀ ਮੱਠੀ ਪੈਂਦੀ ਭੁਰ ਵਿੱਚ ਕੋਠੀ 1/6 ਬੀ ਪੂਸਾ ਰੋਡ ਹੀ ਪਹੁੰਚਿਆ। ਸ੍ਰੀ ਸਤਿਗੁਰੂ ਜੀ ਆਰਾਮ ਫਰਮਾ ਰਹੇ ਸਨ। ਮੈਂ ਸਕੱਤਰ ਸਾਹਿਬ ਦੇ ਕਮਰੇ ਵਿੱਚ ਜਾ ਵੜਿਆ। ਏਥੇ ਨਿੱਘ ਸੀ। ਨਸਵਾਰੀ ਲੇਫ਼ ਗੋਡਿਆਂ 'ਤੇ ਲੈ ਕੇ ਸਕੱਤਰ ਤਰਸੇਮ ਸਿੰਘ, ਸੰਤੋਖ ਸਿੰਘ ਸਾਜਨ ਅਤੇ ਜਸਵਿੰਦਰ ਸਿੰਘ ਸ਼ਕੂਰ ਬਸਤੀ ਬੈਠੇ ਹੋਏ ਸਨ।

ਆਗਾਮੀ ਕਾਰਜ ਚਰਚਾ – ਸੰਤ ਤਰਸੇਮ ਸਿੰਘ ਨੇ ਦੱਸਿਆ : ਡਾ. ਮੂਸਾ ਵਲੋਂ ਸਤਿਗੁਰੂ ਜੀ ਨੂੰ ਛੁੱਟੀ ਹੋ ਗਈ ਹੈ। ਸ੍ਰੀ ਸਤਿਗੁਰੂ ਜੀ ਦਾ ਅਗਲਾ ਪ੍ਰੋਗਰਾਮ ਇਸ ਤਰ੍ਹਾਂ ਹੈ :

1987 : ਸ੍ਰੀ ਭੈਣੀ ਸਾਹਿਬ

1987 : ਸ੍ਰੀ ਜੀਵਨ ਨਗਰ

1987 : ਸੰਤ ਨਗਰ, ਸੰਤ ਬਲਕਾਰ ਸਿੰਘ ਸ਼ਹੀਦ ਦੇ ਲੜਕੇ ਦਾ ਭੋਗ ਪੈਣਾ ਹੈ

1987 : ਦਿੱਲੀ, ਆਨੰਦ ਕਾਰਜ ਹੋਣੇ ਹਨ

1987 : ਬੰਬਈ ਪਹੁੰਚ ਫੇਰ ਨੈਰੋਬੀ ਅਪੜਨਾ ਹੈ। ਇੱਕ ਸਾਤਾ ਓਥੇ ਠਹਿਰਣਾ ਹੈ

**ਪਿਆਸੇ ਦੀ ਪਿਆਸ –** ਦੋ ਚਿੱਠੀਆਂ ਦੇ ਕੇ ਸੰਤੋਖ ਸਿੰਘ ਸਾਜਨ ਨੂੰ ਤਾਂ ਵਿਦਾ ਕੀਤਾ ਗਿਆ ਪਰ ਉਹ ਵਿੱਚ ਵਿਦਾ ਹੋਇਆ। ਸਾਜਨ ਨੇ ਏਥੇ ਸ੍ਰੀ ਵਰਿਆਮ ਸਿੰਘ 'ਪਿਆਸਾ' ਸੰਤ ਨਗਰ ਦੀ ਕਵਿਤਾ ਦਾ ਜ਼ਿਕਰ ਕੀਤਾ ਸੀ ਕਿ ਰੱਬ ਨੇ ਇੱਕ ਤਾਂ ਉਹਦੀ ਅੱਖ ਲੈ ਲਈ, ਦੂਜੇ ਪਤਨੀ ਨਾ ਦਿੱਤੀ, ਤੀਜੇ ਕੱਲੀ ਮਾਂ ਬੁੱਢੀ, ਚੌਥੇ ਰੋਟੀਆਂ ਕਿਸੇ ਦੇ ਹੱਥੋਂ ਪੱਕੀਆਂ ਖਾਣ ਦੀ ਥਾਂ ਆਪ ਹੱਥ ਝਾੜ ਕੇ ਦੂਜਿਆਂ ਨੂੰ ਖੁਆਣੀਆਂ ਪੈਂਦੀਆਂ ਹਨ। ਪਿਆਸਾ ਨਾਮਧਾਰੀ ਸਾਹਿਤ ਸਭਾ ਜੀਵਨ ਨਗਰ ਦੀ ਇੱਕ ਮੀਟਿੰਗ ਵਿੱਚ ਕਵਿਤਾ ਸੁਣਾਂਦਾ ਸੀ, ਨਾਲੇ ਰੋਂਦਾ ਸੀ। ਉਸਦੀ 28-30 ਸਾਲ ਉਮਰ ਹੋ ਗਈ ਹੈ। ਉਸੇ ਬੈਠਕ ਵਿੱਚ ਪਿਆਸੇ ਦੇ ਹੱਕ ਵਿੱਚ ਗੁਰਦਿਆਲ ਸਿੰਘ ਪ੍ਰੀਤ ਦੀ ਇੱਕ ਜ਼ੋਰਦਾਰ ਕਵਿਤਾ ਸੀ 'ਰੱਬ ਨੂੰ ਮਿਹਣਿਆਂ ਦੀ।' ਸਾਰੀ ਕਹਾਣੀ ਸੁਣ ਕੇ ਮੈਂ ਕਿਹਾ : "ਜਿਉਂਦਾ ਰੱਬ ਛੱਡ ਕੇ ਅਣਹੋਏ ਦੀਆਂ ਗੱਲਾਂ ਕਰਦੇ ਰਹੇ ਹਨ, ਜੇਕਰ ਏਹੋ ਅਰਜ਼ ਸਤਿਗੁਰਾਂ ਨੂੰ ਕੀਤੀ ਹੁੰਦੀ।" ਤੁਰੰਤ ਸਕੱਤਰ (ਗੁਰੂ ਕੇ) ਨੇ ਜੋੜਾ ਦਿੱਤਾ : "ਕਵੀ ਜੀ ਦੀ ਗੱਲ ਠੀਕ ਹੈ। ਜੇ ਇਹੋ ਗੱਲ ਹੈ ਤਾਂ ਪਿਆਸੇ ਦਾ ਵਿਆਹ ਕਰ ਦਿੰਦੇ ਹਾਂ।"

**ਜਸਵਿੰਦਰ ਸਿੰਘ –** ਜਸਵਿੰਦਰ ਸਿੰਘ ਐਮ. ਏ. ਨਾਲ ਸਕੱਤਰ ਦੀ ਹੋਈ ਗੱਲਬਾਤ ਦਾ ਤੱਤ ਇਹ ਸੀ ਕਿ ਉਹ ਨਿਰਭੈ ਤੇ ਬੇਫ਼ਿਕਰ ਹੋਏ ਇਤਹਾਸਕ ਖੋਜਬੀਨ ਦਾ ਕਾਰਜ ਕਰਦਾ ਚਲਾ ਜਾਇ। ਖਰਚੇ ਦਾ ਪ੍ਰਬੰਧ ਸੰਤ ਹਰਭਜਨ ਸਿੰਘ ਔਰੰਗਾਬਾਦੀ ਵਲੋਂ ਐਨ ਵੇਲੇ ਸਿਰ ਹੁੰਦਾ ਰਹੇਗਾ। ਹੰਸਪਾਲ ਜੀ ਤੋਂ ਪੈਸੇ ਮੰਗਣ ਵਾਲੀ ਪਰੇਸ਼ਾਨੀ ਨਹੀਂ ਹੋਵੇਗੀ।

**ਸਤਿਜੁਗ ਲਈ ਟਿੱਪਣੀ –** ਏਨੇ ਚਿਰ ਨੂੰ ਠਾਕੁਰ ਉਦੇ ਸਿੰਘ ਜੀ ਅੰਦਰ ਆ ਗਏ। ਉਤਸ਼ਾਹ ਦਾ ਮੁਜੱਸਮਾ। ਸਨੇਹ ਅਤੇ ਬੇਬਾਕੀ ਨਾਲ ਸਤਿਕਾਰ ਵਟਾ ਕੇ ਸਕੱਤਰ ਤੋਂ ਪ੍ਰੋਗਰਾਮ ਪੁੱਛਣ ਲੱਗੇ। ਠਾਕੁਰ ਜੀ ਦਾ ਬੈਂਗਲੌਰੋਂ ਡਾਕ ਪਾਇਆ ਕਈ ਦਿਨ ਪਹਿਲਾਂ ਦਾ ਰਜਿਸਟਰੀ ਕੀਤਾ ਪਾਸਪੋਰਟ ਅਜੇ ਦਿੱਲੀ ਨਹੀਂ ਪੁੱਜਾ। ਅੱਜ 10 ਦਿਨ ਹੋ ਗਏ ਹਨ। ਠਾਕੁਰ ਜੀ ਅੱਜ ਹੀ ਬੈਂਗਲੌਰ ਤੋਂ ਆਏ ਹਨ।

'ਸਤਿਜੁਗ' ਦੇ ਨਵੇਂ ਲੇਖਕ ਗੁਰਦੀਪ ਸਿੰਘ ਬੀ.ਏ. ਬਾਬਤ ਜਾਣ ਕੇ ਠਾਕੁਰ ਜੀ ਹੱਸ ਪਏ : 'ਸਤਿਜੁਗ' ਤਾਂ ਅੱਜ ਕਲ੍ਹ "ਘੁਮਿਆਰ ਜੁਗ' ਹੀ ਬਣ ਗਿਆ ਲੱਗਦਾ ਹੈ। ਜਾਂਦੇ ਜਾਂਦੇ ਆਪਣੇ ਪਿਤਾ ਜੀ ਤੇ ਵੀ ਟਿੱਪਣੀ ਕਰ ਗਏ : ਇਹੋ ਜਿਹੇ ਐਡੀਟਰ ਹੀ ਉਹਨਾਂ ਨੂੰ ਵਾਰਾ ਖਾਂਦੇ ਹਨ।

**ਬੈਂਗਲੌਰ ਫਾਰਮ ਦੀ ਪ੍ਰਗਤੀ –** ਸਕੱਤਰ ਦੇ ਬਾਹਰ ਗਿਆਂ ਠਾਕੁਰ ਜੀ ਨੂੰ ਮੈਂ ਨਾਮਧਾਰੀ ਫਾਰਮ (ਬੈਂਗਲੌਰ) ਦੀ ਹਾਲਤ ਬਾਰੇ ਪੁੱਛਿਆ। ਜਾਣਕਾਰੀ ਦਾ ਸਾਰ ਇਸ ਪ੍ਰਕਾਰ ਹੈ : ਨਾਮਧਾਰੀ ਫਾਰਮ ਐਸ ਵੇਲੇ ਆਪਣੇ ਪੈਰਾਂ 'ਤੇ ਖਲੋਤਾ ਹੈ। ਸਾਲ 1986 ਵਿੱਚ 6.50 ਲੱਖ ਦੀ ਉਪਜ ਹੋਈ ਹੈ। ਬੀਜਾਂ ਦੀ ਵੇਚ ਬੇਚਾਈ ਦਾ ਕੰਮ ਸ਼ੁਰੂ ਹੋ ਗਿਆ ਤਾਂ 20 ਲੱਖ ਰੁਪੈ ਸਾਲਾਨਾ ਦੀ ਸਹਿਜ ਭਾ ਹੋ ਜਾਇਆ ਕਰੇਗੀ। ਜਿਸ ਵਿੱਚੋਂ 6 ਲੱਖ ਰੁਪੈ ਖਰਚੇ ਜਾਣੇ ਸੁਭਾਵਕ ਹਨ। ਐਸ ਵੇਲੇ ਵੀ 3-4 ਲੱਖ ਰੁਪੈਆ ਸਾਲਾਨਾ ਖਰਚਾ ਹੈ। ਜੇ ਅਸੀਂ ਸੁਚੇਤ ਹੋ ਕੇ ਤੇ ਵਧੇਰੇ ਉੱਦਮ ਅਤੇ ਜੁਗਤ ਨਾਲ ਕੰਮ ਚਲਾ ਸਕੀਏ ਤਾਂ ਆਮਦਨ ਡਿਊਢੀ ਦੁਗਣੀ ਵੀ ਹੋ ਸਕਦੀ ਹੈ। ਇਸ ਸਾਲ ਅਮਰੀਕਾ ਜਾ ਕੇ ਸਬਜ਼ੀ ਅਤੇ ਫੁੱਲਾਂ ਦੇ ਬੀਜਾਂ ਦੀਆਂ ਕੁਛ ਕਵਾਲਿਟੀਆਂ ਲਿਆਂਦੀਆਂ ਹਨ। ਅਸਲ ਵਿੱਚ ਭਾਰਤ ਅੰਦਰ ਇੱਕ ਇੰਡੋ ਅਮੈਰੀਕਨ ਕਾਰਪੋਰੇਸ਼ਨ ਹੈ, ਜੋ ਭਾਰਤ ਵਿੱਚੋਂ ਅਮਰੀਕਾ ਜਾਂਦੀ ਹਰ ਖੇਤੀ ਉਪਜ ਤੇ ਮੁਨਾਪਲੀ ਰੱਖਦੀ ਹੈ। ਅਮਰੀਕਨ ਸਰਕਾਰ ਜਾਂ ਕੰਪਨੀਆਂ ਉਹਦੇ ਰਾਹੀਂ ਹੀ ਸਾਰੀ ਖਰੀਦੋ ਫਰੋਖ਼ਤ ਕਰਦੀਆਂ ਹਨ, ਉਸਨੂੰ ਵੀ ਠਾਕੁਰ ਜੀ ਮਿਲੇ ਹਨ। ਬਾਹਰੋਂ ਮਿਲੇ, ਅਰਥਾਤ ਵਿਦੇਸ਼ਾਂ 'ਚੋਂ ਪ੍ਰਾਪਤ ਹੋਏ ਠੇਕਿਆਂ ਨਾਲ ਹਿੰਦੁਸਤਾਨੀ ਫਾਰਮ ਮਾਲਕਾਂ ਨੂੰ ਪੈਸੇ, ਅਤੇ ਫਾਰਮ ਲੇਬਰ ਨੂੰ ਕੰਮ ਮਿਲਦਾ ਹੈ। ਠਾਕੁਰ ਜੀ ਹੌਲੀ-ਹੌਲੀ ਐਕਸਪੋਰਟ ਇੰਪੋਰਟ ਦਾ ਕੰਮ ਵਧਾ ਰਹੇ ਹਨ।

ਠਾਕੁਰ ਜੀ ਨੂੰ ਪੁੱਛਣ ਤੋਂ ਪਤਾ ਲੱਗਾ ਕਿ ਐਤਕੀਂ ਇਮਲੀ ਰੁੱਖਾਂ ਦੇ ਠੇਕੇ ਦਾ 8000/- ਅਤੇ ਕੇਲੇ ਦੇ ਖੇਤ ਵਿੱਚੋਂ 20,000/- ਪ੍ਰਾਪਤ ਹੋਇਆ ਹੈ। ਕਮਾਦ ਬੀਜਣਾ ਬੰਦ ਕਰ ਦਿੱਤਾ ਹੈ, ਸਿਰਫ਼ ਫਾਰਮ ਦੀਆਂ ਲੋੜਾਂ ਜੋਗਾ ਹੀ ਰੱਖਿਆ ਹੈ। ਅੰਗੂਰ ਦੇ ਪੰਜੇ ਖੇਤ ਵਧੀਆ ਤੁਰੇ ਹੋਏ ਹਨ। ਪੰਜ ਸੱਤ ਨਵੀਆਂ ਵੈਰਾਇਟੀਆਂ (ਕਿਸਮਾਂ) ਅਮਰੀਕਾ ਤੋਂ ਲਿਆ ਕੇ ਲਗਾਈਆਂ ਹਨ, ਜਿਨ੍ਹਾਂ 'ਚੋਂ ਚਾਰ ਐਸੀਆਂ ਹਨ ਜੋ ਅਜੇ ਤੱਕ ਭਾਰਤ ਵਿੱਚ ਕਿਸੇ ਪਾਸ ਵੀ ਨਹੀਂ। ਮੀਂਹ ਪਿਛਲੇ ਸਾਲ ਅੱਛੇ ਪੈ ਗਏ ਸਨ, ਪਾਣੀ ਵਾਧੂ ਹੈ। ਇਲਾਕੇ ਵਿੱਚ ਵੀ ਅਮਨ ਚੈਨ ਹੈ, ਭਾਵੇਂ ਪੰਜਾਬ ਵਿੱਚੋਂ ਰੋਜ਼ਾਨਾ ਆਉਂਦੀਆਂ ਖ਼ਬਰਾਂ ਨੇ ਆਮ ਹਿੰਦੂ ਨੂੰ ਸਿੱਖਾਂ ਬਾਰੇ ਸ਼ੰਕਤ ਕੀਤਾ ਹੋਇਆ ਹੈ।

ਠਾਕੁਰ ਜੀ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਪਾਸੋਂ ਨਕਦ ਨਾਵਾਂ ਲੈਣ-ਮੰਗਣ ਦੀ ਥਾਂ ਅਸੀਂ ਹੁਣ ਕੁਛ ਆਪਣੇ ਵਲੋਂ ਮਦਦ ਕਰਦੇ ਹਾਂ। ਜਿਵੇਂ ਬੀਤੇ ਸਾਲ ਸੁਰਜੀਤ ਸਿੰਘ ਮਲਵਈ ਵਾਸਤੇ 50,000/- ਫਾਰਮ ਵਲੋਂ ਸਹਾਇਤਾ ਗਈ, 50,000/- ਮਾਤਾ ਜੀ ਨੇ ਪਾਇਆ। 1,15,000/-ਪਿਛਲੇਰੇ ਸਾਲ ਅੰਮ੍ਰਿਤਸਰ ਕਲਾਂ ਵਿੱਚ ਬੈਂਕੋਕ ਦੇ ਸੇਠਾਂ ਦੀ ਜ਼ਮੀਨ ਖਰੀਦਣ ਲਈ ਦਿੱਤਾ ਗਿਆ ਹੋਇਆ ਸੀ। ਹੁਣ ਸੁਰਜੀਤ ਸਿੰਘ ਨੇ 12 ਏਕੜ ਜ਼ਮੀਨ ਦਾ ਕਬਜ਼ਾ ਲੈ ਲਿਆ ਹੈ।

ਇਹੋ ਫਾਰਮ ਸੀ ਜਿਸਨੂੰ ਪਿਤਾ 10 ਲੱਖ ਤੋਂ ਵੇਚ ਦੇਣਾ ਚਾਹੁੰਦਾ ਸਾਂ, ਹੁਣ ਇਹੋ ਫਾਰਮ ਹੈ ਕਿ ਪੁੱਤਰ ਉਸ ਤੋਂ 20 ਲੱਖ ਤੋਂ ਵਧੇਰੇ ਰੁਪੈਆਂ ਦੀ ਆਸ ਰੱਖਦਾ ਹੈ। ਪੁੱਤਰ ਨੇ ਸਤਿਗੁਰੂ ਕੀ ਆਗਿਆ ਸਤ ਸਤ ਕਰ ਮਾਨੀ ਹੈ।

**ਦਿੱਲੀ ਵਿਚਲੇ ਸੇਵਾਦਾਰ –** ਮੈਨੂੰ ਅੱਜ ਤਰਸੇਮ ਸਿੰਘ ਨੇ ਸ਼ਾਮ ਦੀ ਸੰਗੀਤ ਸਭਾ ਤੱਕ ਕੋਠੀ ਹੀ ਰਹਿਣ ਲਈ ਆਖਿਆ ਹੋਇਆ ਸੀ, ਜਿਸ ਤੇ ਹੋਰ ਆਗ੍ਰਹਿ ਪੂਰਬਾ ਜੀ ਨੇ ਕਰ ਦਿੱਤਾ। ਇਸ ਸਮੇਂ ਮੈਂ ਹੋਰ ਖ਼ਬਰਾਂ ਇਕੱਤਰ ਕਰਨ ਦਾ ਮਨ ਬਣਾ ਲਿਆ। ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਅੱਜ ਕਲ੍ਹ ਦਿੱਲੀ ਦੇ ਨੌਜੁਆਨ ਆਪਣੀਆਂ ਕਾਰਾਂ ਗੱਡੀਆਂ ਲੈ ਕੇ ਸ੍ਰੀ ਸਤਿਗੁਰੂ ਜੀ ਤੋਂ ਸੇਵਾ ਪੁੱਛਦੇ ਰਹਿੰਦੇ ਹਨ। ਇਹਨਾਂ ਨੂੰ ਸਕੱਤਰ ਹੀ ਜ਼ਰੂਰਤ ਮੁਤਾਬਕ ਆਦੇਸ਼ ਦਿੰਦਾ ਹੈ। ਕਿਸੇ ਨੂੰ ਸਵੇਰੇ ਕਿਸੇ ਨੂੰ ਹਨ੍ਹੇਰੇ ਕੰਮ ਦਿੱਤਾ ਜਾਂਦਾ ਹੈ। ਇਹ ਪੈਟਰੋਲ ਅਤੇ ਡਰਾਈਵਿੰਗ ਦੀ ਸੇਵਾ ਫਰੀ ਕਰਦੇ ਹਨ। ਇਹ ਨਾਮ ਜ਼ਿਕਰਯੋਗ ਹਨ :

1. ਸੇਠ ਤਰਲੋਕ ਸਿੰਘ ਚਾਵਲਾ ਪਰਵਾਰ ਦੀਆਂ ਗੱਡੀਆਂ
2. ਸ. ਓਅੰਕਾਰ ਸਿੰਘ (ਪੰਜਾਬੀ ਬਾਗ)
3. ਸ. ਗੁਰਨਾਮ ਸਿੰਘ (ਰਾਜੌਰੀ ਗਾਰਡਨ)
4. ਸ. ਜਸਪਾਲ ਸਿੰਘ, ਸ. ਕਿਰਪਾਲ ਸਿੰਘ (ਖੋਖਰ ਭਾਈ) ਬਾਲੀ ਨਗਰ
5. ਸ. ਜੁਗਿੰਦਰ ਸਿੰਘ, ਸ. ਨਰਿੰਦਰ ਸਿੰਘ (ਬਾਲੀ ਨਗਰ)
6. ਸ. ਸੁਖਦੇਵ ਸਿੰਘ (ਬਾਲੀ ਨਗਰ)
7. ਸ. ਟਹਿਲ ਸਿੰਘ, ਸ. ਸਤਪਾਲ ਸਿੰਘ ਕਾਲਾ (ਰਮੇਸ਼ ਨਗਰ ਨਾਮਧਾਰੀ ਕਾਲੋਨੀ)
8. ਸ. ਜਸਬੀਰ ਸਿੰਘ, ਸ. ਭਗਵੰਤ ਸਿੰਘ (ਮੁਹਾਰਾਂ ਵਾਲੇ, ਪੰਜਾਬੀ ਬਾਗ)
9. ਸ. ਸੁਰਿੰਦਰ ਸਿੰਘ (ਰਮੇਸ਼ ਨਗਰ)
10. ਸ. ਜੰਗ ਬਹਾਦਰ ਸਿੰਘ (ਸਾਹਿਬਪੁਰਾ)
11. ਸ. ਬਲਵਿੰਦਰ ਸਿੰਘ ਸਪੁੱਤਰ ਸੰਤ ਦਰਸ਼ਨ ਸਿੰਘ
12. ਸ. ਗੁਰਬਖਸ਼ ਸਿੰਘ ਭੁੱਚੀ
13. ਸ. ਦਲਜੀਤ ਸਿੰਘ (ਬਾਲੀ ਨਗਰ)

ਏਸ ਤਰ੍ਹਾਂ ਮਾੜੇ ਜਿਹੇ ਫੋਨ ਨਾਲ ਇਹ ਗੱਡੀਆਂ ਸੇਵਾ ਵਿੱਚ ਹਾਜ਼ਰ ਹੋ ਜਾਂਦੀਆਂ ਹਨ। ਨਾਲ ਹੀ ਸਕੱਤਰ ਨੇ ਦੱਸਿਆ: ਸੱਚੇ ਪਾਤਸ਼ਾਹ ਕਾਮਨਾ ਕਰਦੇ ਹਨ ਲੁਧਿਆਣੇ ਵਿੱਚ ਵੀ ਨੌਜਵਾਨ ਇੰਜ ਹੀ ਗੱਡੀਆਂ ਲੈ ਕੇ ਸੇਵਾ ਕੀਤਾ ਕਰਨ ਸਤਿਗੁਰੂ ਕਿਰਪਾ ਕਰੇ।

**ਬੈਂਕੋਕ ਵਿੱਚ ਬੇਸੁਆਦੀ –** ਸੰਤ ਤਰਸੇਮ ਸਿੰਘ ਨੇ ਮੈਨੂੰ ਬੈਂਕੋਕ ਵਿੱਚ ਹੋਈ ਇੱਕ ਬੇਸੁਆਦੀ ਦੀ ਕਹਾਣੀ ਵੀ ਸੁਣਾਈ : ਸ੍ਰੀ ਸਤਿਗੁਰੂ ਜੀ ਨੇ ਨਿਕਟੀ ਸੇਵਕ ਅਨਪੜ੍ਹ ਹੋਣ ਕਾਰਨ, ਹਾਲਾਤ ਨੂੰ ਜਾਣੇ ਬਿਨਾਂ, ਵਾਹੀ ਤਬਾਹੀ ਬੋਲ ਜਾਂਦੇ ਹਨ। ਮੈਂ ਅਤੇ ਦਿਆਲ ਸਿੰਘ ਫਗਵਾੜਾ ਨੇ ਗੁਰੂ ਕੇ ਖਜ਼ਾਨਿਓਂ ਪੈਸੇ ਨਾ ਮੰਗ ਕੇ ਲੇਟ ਹਰਮਹਿੰਦਰ ਸਿੰਘ ਚਾਵਲਾ ਤੋਂ 8000/- ਉਧਾਰਾ ਲਿਆ। ਇਸ ਨਾਲ ਆਪਣੇ ਲਈ ਸਾਮਾਨ ਖਰੀਦਿਆ। ਸੇਵਕ ਦੋਵੇਂ ਬਲਦੇਵ ਸਿੰਘ ਤੇ ਸਤਨਾਮ ਸਿੰਘ ਲਾਂਗਰੀ, ਕੁਛ ਕੌੜੇ ਅਵੈੜੇ ਹਨ ਕਿਉਂਕਿ ਅਸੀਂ ਸਤਨਾਮ ਸਿੰਘ ਤੋਂ ਉਹ ਪੈਸੇ ਮੰਗਦੇ ਸਾਂ ਜਿਹੜੇ ਭਾਰਤੋਂ ਮੇਰੀ ਜ਼ਿੰਮੇਵਾਰੀ ਤੇ ਮੰਗ ਕੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕੁਛ ਬਰਤਨ ਤੇ ਹੋਰ ਸਮਾਨ ਖੜਿਆ ਸੀ। ਸਤਿਗੁਰਾਂ ਹੁਕਮ ਕੀਤਾ ਸੀ ਏਸ ਵਿੱਚੋਂ ਕਿਸੇ ਤੋਂ ਪੈਸੇ ਫੜਕੇ ਸਾਮਾਨ ਜ਼ਰੂਰ ਲਿਆਇਓ। ਇਸ ਲਿਆਂਦੇ ਸਾਮਾਨ ਦਾ ਕੁਛ ਭਾਗ ਸਤਨਾਮ ਸਿੰਘ ਰਾਹੀਂ ਬੈਂਕੋਕ ਲਿਆਂਦਾ, ਜਦ ਉਸ ਮਾਲ ਦੇ ਮੈਂ ਪੈਸੇ ਮੰਗੇ ਤਾਂ ਉਹ ਆਖੇ, ਮੈਂ ਨਹੀਂ ਦੇਣੇ ਅਤੇ ਫਿਰ ਉੱਚੀ ਉੱਚੀ ਬੋਲਣ ਲੱਗ ਪਿਆ : ਤੁਸੀਂ ਗੁਰੂ ਘਰ ਨੂੰ ਖਾ ਗਏ। ਸਾਡੇ ਕੋਲ ਚਾਰ ਪੈਸੇ ਆਏ ਨਹੀਂ ਸੁਖਾਂਦੇ। ਆਪ ਪੰਡਾਂ ਬੰਨ੍ਹੀ ਲਈ ਜਾਂਦੇ ਹੋ।

**ਚਲਦਾ....**

# Contribution of the Kuka movement to the anti-colonial struggle

**SS Azad**

The Kuka movement of 1871 centered in Punjab remains, to this day, an inspiration for revolutionaries and patriots.

**Brief history of the Kuka movement:**

Writing about the Kuka movement, Shahid Bhagat Singh says, " Kukas who were called foolish and misguided are a sect of Sikhs called Namdhari or Kuka. Its founder Guru Ram Singh ji was a militant revolutionary, an outstanding patriot and a social reformer who prepared for large scale revolt against foreign rule. They were not foolish, but they were so imbued with patriotism that standing in front of the cannons, they laughed, screamed and shouted Sat Sri Akal".

Satguru Ram Singh was born in 3 February 1816 in village Raiyan, Ludhiana. His father was Baba Jassa Singh and mother was Mata Sada Kaur. They were blacksmiths by profession. The family was very religious and had influenced young Ram Singh. From his childhood he was imbued with Sikh values. In 1837 he joined Kunwar Nau Nihal Singh's regiment in Ranjit Singh's army.

After the demise of Maharaja Ranjit Singh, the Sikh raj was weakened considerably and the British used their cunning policy of divide and rule to divide the Sikhs. Due to various conspiracies and internal rivalries among the Sikh commanders the Khalsa Army became very weak. Finally the Sikh Raj collapsed. In 1845 Guru Ram Singh left the army since he had fully recognised the situation in it. According to Ajit Singh Namdhari, "The Sikh elite had degenerated and had become subservient to the British while oppressing the poor Sikh peasantry".

During this period Guru Ram Singh went back to his village and continued his family profession, while continuing to propagate the message of Sikhism. He did this for 12 years. The atrocities committed by the British led to an increase in the followers of Guru Ram Singh. In 1857 he moved to Bhaini Wala in Ludhiana which is now called Bhaini Sahab. Here he established his sect. As a guru he used to initiate his followers into the sect which came to be known as Namdhari sect. Namdharis were told to wear white dress, white turban and white woollen garland. Each Namdhari was required to lead a simple life, meditate regularly, rise above casteism, abstain from intoxicants and meat, engage in a profession and share the fruits of his labour with others. The Guru's orders had to be strictly followed.

To emancipate the women, he banned sati and the veil and encouraged widow remarriage, called for the boycott of those who engaged in female infanticide and prohibited child marriages. He ended the practice of ostentatious marriages and propagated that a marriage should be organised in less than one and a quarter rupees. He also encouraged inter-caste marriages and banned usury. He encouraged girls' education. Due to such social reforms more and more people were attracted to his

sect. At the same time there was strong opposition from conservative Sikh priests, who saw their grip over the masses declining. They started complaining to the British that Ram Singh was a rebel who was preaching sedition. The Namdhari sect had foreseen this danger and started contacting other patriotic rebel groups. According to Shahid Bhagat Singh, "it is said that an unknown sanyasi, Ram Das, had said, 'at this time to get rid of foreign rule is the highest duty of all his followers". Guru Ram Singh started preparing for a more active struggle for national liberation. When the British got a whiff of this they banned the Namdhari Sangathan in 1863 which continued till 1867. But the patriotic activity of the Namdharis never stopped even in those difficult conditions.

In 1867 along with the open practice of social reforms, an underground organisation was also set up with the aim of overthrowing British rule. Complete boycott of foreign goods and jobs in the British administration and boycott of British educational institutions and courts was already in force. To make it more effective, panchayats were set up to deal with administrative and judicial matters. Railways and Post and Telegraphs were boycotted and instead an indigenous postal service was established. Wearing traditional weapons like swords was encouraged. To spread the message, 22 subehs were established and each one was headed by a namdhari. Arms training were imparted in the nights and a regular namdhari platoon was established in Jammu and Kashmir. The guru also sent emissaries to Russia, Turkey, Afghanistan, and France, and tried to establish relations with them. Contacts were also established with various princes and pundits to fight the British. However, before the plan could bear fruit, the British organised provocations. Some hotheads got provoked by these acts, thereby prematurely exposing the preparation for the uprising. The cunning British rulers, in order to incite religious sentiments, encouraged the establishment of slaughterhouses next to Namdhari dharamshalas and Hindu and Sikh religious places. This was bound to lead to a reaction. Some jathas of the Namdhari sangathan took up the issue of opposing the slaughterhouses as their main task.

On the night of 14-15 June 1871, Namdhari Sikhs raided the slaughterhouse in Amritsar in the night, and the second raid was launched on the Raikot slaughterhouse. The British government which did not expect the attack was taken aback. The police arrested a few Hindus and Sikhs and tortured them to give a false confession as they do today too. When the namdhari jatha told the truth to Guru Ram Singh he told them to surrender and save the innocents. Accordingly the attackers surrendered before the magistrate and accepted their deed. This led to the downturn in the Kuka movement. In the Amritsar case four Namdharis viz. Behla Singh, Hakim Singh Patwari, Lehna Singh and Fateh Singh Bhatra were hanged on 15 September 1871 and three more were sent to the Andamans. In the Raikot case, Subah Gyani Ratan Singh and Sant Ratan Singh were hanged from the banyan tree outside the Ludhiana central jail.

**The bloody saga of Malerkotla**

After these atrocities on their comrades, Namdharis became even more determined to fight and they organised a squad of 150 fighters which included two women also. The squad attacked collaborators of the British and refused to heed the advice of their guru. On the evening of 14 January 1872, they went to the ruler of Mallaod and pressed him to join them. But he flatly refused, which led to a fight between the Namdharis and his army in which four people were killed and four Namdharis were captured and handed over to the British.

The next day the squad entered Maler Kotla principality whose ruler was also a British stooge. They entered through Dhabingate shouting slogans. This led to commotion in the durbar of the local ruler. In the battle that ensued between the squad and the ruler's army, both sides suffered heavy casualties. Seven Namdharis lost their lives and five who were injured were captured. The remaining squad left the place taking away arms and horses from the ruler. The enemy followed them, while the squad hid in the thick jungles of Rarh. The Maler Kotla army along with that of the ruler of Sherpur, encircled them. Another battle ensued. Despite being weary, injured, hungry and thirsty, the Namdharis fought valiantly. Sixty seven of them were captured. They were brought to Maler Kotla while the two women fighters were handed over to the ruler of Patiala because they hailed from that area. The British Commissioner of Ludhiana also reached their along with his captain. The Deputy

Commissioner of Maler Kotla, Mr Cowan, and decided to put them to death without the formalities of a trial. On 17 January, 1872 nine cannons were brought from Patiala, Nabha and Jind to the parade ground of Maler Kotla. Thousands of people from the surrounding villages were herded into the maidan to witness the brutal execution of the rebels in order to instill fear in them. However, when the captured Kukas were brought to the ground they were defiantly shouting slogans against the British and their stooges. They welcomed their martyrdom with smiling faces. The Deputy Commissioner ordered them to be blown from the mouth of cannon. The kukas insisted that they did not need to be tied and they would go and stand in front of the mouths of the cannons willingly. They started a full throated singing of:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥

Sura so pehachaniye jo lade deen ke het,
Purja, purja kat mare, kabon na chhode khet.
(The fighter for the cause will not leave the battlefield even if he is cut into small pieces)

Witnessing this bravery the crowd gathered was charged with patriotic emotion and shouted vigorously slogans in their support. It became a problem to control the people. At this the British went berserk and fired the cannons, blowing up 49 patriots.

There were two young Namdharis aged about 9 and 12, Harnam Singh and Bishen Singh. DC Cowan's wife requested that pity be shown to them and that they be released. DC Cowan told them, "Declare that

you are not followers of Guru Ram Singh and I will spare your lives." Twelve year old Bishen Singh requested that he be allowed to say something privately to Cowan. When the DC brought his ear close to the kid, Bishen Singh caught hold of his beard and said, "How dare you say that!" and bit his ear. Seeing this turn of events, the guards cut off the head of Bishen Singh.

The remaining 16 Namdharis were blown up the next day in secret without the crowd. The brave 9 year old Harnam Singh sat on his uncle's shoulders and both stood in front of the cannon.

British rulers used all the tricks in their trade to suppress the Kuka movement. While the Kuka rebels were being blown up with cannons on Jan 17-18, one hundred and seventy two Kukas along with Guru Ram Singh were arrested. Fifty of them were sent to jail. Satguru Ram Singh was taken to Allahabad by a special train and on 10 March, 1872 was exiled and imprisoned in Rangoon, Burma. The Guru tried to keep contact with his followers through messengers. As a result the British further isolated him by sending him to an island off Burma and it was announced that he had died on Nov 29, 1885. However the sect refused to believe it. It is said that from the island he escaped to another country. Many of those who were arrested along with him died in the jails.

The Kuka movement has continued to inspire generations of revolutionaries and patriots to this day. The author SS Azad is a well known political activist from Punjab. He has also published a popular book in Punjabi on the life and work of Shahid Bhagat Singh.

## ਮੈਨੂੰ ਆ ਮਿਲ ਚੀਨੀ ਵਾਲਿਆ

**ਲਾਲਾ ਧਨੀ ਰਾਮ 'ਚਾਤ੍ਰਿਕ'**

ਅਜ ਨਿਖਰੀ ਸ਼ਾਨ ਬਹਾਰ ਦੀ,
ਖਿੜ ਪਈ ਕੁਦਰਤ ਕਰਤਾਰ ਦੀ।
ਅੱਖ ਪੱਟੀ ਸੁਤੀਆਂ ਡਾਲੀਆਂ,
ਫੁਲ ਪਤਰਾਂ ਟੀਪਾਂ ਢਾਲੀਆਂ।
ਕਲੀਆਂ ਨੇ ਵੇਸ ਵਟਾਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ।
ਮੈਂ ਤੜਫਾਂ ਤੇਰੇ ਦਿਦਾਰ ਨੂੰ,
ਤੇਰੇ ਰਹਿਮਤ ਭਰੇ ਪਿਆਰ ਨੂੰ,
ਇਕ ਨੀਝ ਪਿਰਮ ਦੀ ਮਾਰ ਜਾ,
ਮੇਰੇ ਵਿਗੜੇ ਕਾਜ ਸੁਆਰ ਜਾ,
ਮੈਨੂੰ ਗਮਾਂ ਹਿਜ਼ਰ ਦਿਆਂ ਖਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,
ਤੂੰ ਵਸਨਾ ਏਂ ਦੇਸ ਦੁਰਾਡੜੇ,
ਘਰ ਪਿਆ ਹਨੇਰਾ ਸਾਡੜੇ,
ਚੌਤਰਫਾਂ ਖਿਲਰੇ ਜਾਲ ਨੇਂ,
ਵਿਸਰ ਗਏ ਸਾਰੇ ਤਾਲ ਨੇਂ,
ਮੈਨੂੰ ਮਾਇਆ ਨੇ ਭਰਮਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,
ਤੇਰੀ ਸੁਹਣੀ ਸ਼ੁਘੜ ਨੁਹਾਰ ਨੂੰ,
ਤੇਰੇ ਸ਼ਾਂਤ ਭਰੇ ਦਰਬਾਰ ਨੂੰ,
ਕਦੀ ਕੁਦਰਤ ਫੇਰ ਵਿਖਾਇ ਗੀ,
ਤੇਰੇ ਚਰਨਾਂ ਨੂੰ ਪਰਸਾਇ ਗੀ,
ਰਾਹ ਤਕ ਦਿਆਂ ਜੁਗੜਾ ਗਾਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,
ਤੈਨੂੰ ਹੋਣ ਤੁਫੀਕਾਂ ਸਾਰੀਆਂ,
ਕਿਉਂ ਸੰਗਤਾਂ ਮਨੋਂ ਵਿਸਾਰੀਆਂ?
ਓਹਲਾ ਕਿਉਂ ਨਹੀਂ ਹਟਾਉਂਦਾ ?
ਵਾਗਾਂ ਕਿਉਂ ਨਹੀਂ ਭੁਆਉਂਦਾ ?
ਬਹੁ ਤੇਰਾ ਹਸ਼ਰ ਵਿਖਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ,
ਤੂੰ ਜੀਵਨ ਮੇਰੀ ਜਾਨ ਦਾ,
ਤੂੰ ਰਾਖਾ ਮੇਰੀ ਆਨ ਦਾ,
ਤੂੰ ਰਹਿਬਰ ਏਸ ਜਹਾਨ ਦਾ,
ਤੂੰ ਹਾਦੀ ਓਸ ਜਹਾਨ ਦਾ,
ਮੈਂ ਤੇਰਾ ਦਵਾਰ ਤਕਾ ਲਿਆ,
ਮੈਨੂੰ ਆ ਮਿਲ ਚੀਨੀ ਵਾਲਿਆ।

# A Saga Of
# Sri Satguru Jagjit Singh Ji



**Dr. Sharada Jayagovind**

Mata Chand Kaur ji was born in 1932 as the eldest child of Sarwan Singh Siddhu and Mata Sama Kaur in the village of Buraj Tharor, Bhatinda, Punjab. Her maiden name was Kartar Kaur. She hailed from the family of agriculturists and even as a child was diligent and hard working. She grew up with her three brothers and two sisters and was trained in all household work. She had a religious bent of mind and in 1945, Kartar Kaur had come to Sri Bhaini Sahib to perform jap paryog. It was at this time that she caught the attention of Satguru Partap Singh ji who was happy to see the young girl sincerely involved in serving others.

Suba Inder Singh, the maternal uncle of Mata Sama Kaur suggested to Satguru Partap Singh ji that Kartar Kaur would make a worthy wife to his son Baba ji.

Satguru Partap Singh ji who had seen the simple village girl performing seva, agreed to the proposal. The girl's family requested that the wedding be conducted at their relatives' village, Rodai, Punjab. Satguru Partap Singh ji conceded to the request and the wedding was performed in the village on 1st February, 1946.

An interesting episode is associated with the wedding. Satguru ji had issued strict orders that there should be no special celebrations at the wedding. Yet, two youngsters who wished to celebrate the occasion of Baba ji's marriage, burst some crackers. At this, Satguru Partap Singh ji lost his temper and fined the two offenders Rupees five each.

After the wedding, Satguru Partap Singh ji changed the name of the bride Kartar Kaur to Chand Kaur as the wife of Satguru ji's younger brother Maharaj Gurdial Singh ji was also Kartar Kaur. He felt that two women with the same name in one household could cause confusion. Satguru ji could not have chosen a better name. The bride was as beautiful as the full moon and complemented the life of Patsha ji just as the moon complements the sun in providing the light to the world.

The years 1946 and 1947 were days of political turmoil. Baba ji was involved in seva day and night, rehabilitating the refugees uprooted from Pakistan. Chand Kaur ji the new bride followed her husband to Sri Jiwan Nagar and joined hands inserving the stream of refugees who poured into Sri Jiwan Nagar. She worked round-the-clock in the langar and construction sites. She did not hesitate to dirty her hands and clothes by working in the fields or laying roads. She assisted her husband in distributing food and clothes to the refugees.

The first thirteen years of her married life were dedicated to fulfilling the wish of her father-in-law. She immersed herself in serving the sangat. In 1959 when Patsha ji ascended the gaddi and assumed the responsibility as the supreme head of the Namdhari sangat, Mata Chand Kaur ji occupied the elevated role of the Mother of all Namdharis.

On 25th December, 1962, Mata Chand Kaur ji gave birth to a baby girl. The child was named Sahib Kaur. She brought cheer and happiness to the entire sangat.

As the fame and responsibilities of Patsha ji increased, Mata Chand Kaur ji began to share a lot of his burden, especially in the area of seva and construction of buildings at Sri Bhaini Sahib, Sri Jiwan Nagar, and Mastan Garh.

Satguru Jagjit Singh ji groomed Mata Chand Kaur ji into a fine leader who was an effective team player. She inspired others to work as she led by example and never shirked hard work.

Mata ji served the langar or the community kitchen for seventy long years. When a project of Rupees fifty lakhs had to be completed, Satguru ji would give her seed money of Rupees five lakhs and ask her to get started.

Mata Chand Kaur ji would never grumble or object. She was sure that with Patsha ji's blessings, she would be able to manage the funds. She also knew that Patsha ji would not brook any delay and His grace would always be there with her. She would discuss the project with her team and would launch it - the schools, residences and other buildings in Sri Bhaini Sahib were built this way.

Mata Chand Kaur ji took special interest in educating the young girls. She got them trained in tailoring, making mala, cooking and cattle rearing. Chanting of the Gurbani and scriptures too formed part of their education.

As the Satguru's wife, she travelled widely with Patsha ji and was very knowledgeable in matters of the world. Till her last breath, she actively directed and managed the running of the langar, old age home and cattlesheds.

Her faith in the healing power of prayers is well known. While Patsha ji religiously took whatever allopathic medicines were prescribed to him, Mata Chand Kaur ji would rely on home remedies and prayers and stealthily throw away the tablets given to her by the doctor.

Once at Mastan Garh where construction work was going on, some women told Mata ji that there was shortage of milk. She assured them that Satguru ji would bless them with so much of milk that it would be difficult for them to consume it.

Within a few days, a buffalo yielding 20 kgs of milk was brought to Mastan Garh and Mata ji's words became true. Mata ji was herself fond of milk and loved to distribute milk and eatables to women and children. The elders at the old age home were also fortunate to enjoy her hospitality.

Mata ji was first and foremost a devout wife and disciple of Satguru ji. Her life was entirely devoted to serving her Guru and the sangat.

**To be continued......**

# ਕਾਵਿ – ਕਿਆਰੀ

## ਸੰਮਤ 1972 ਦੀ ਬਸੰਤ

### (ਪ੍ਰਸਿੱਧ ਅਕਾਲੀ ਨੇਤਾ ਸ. ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫਰ ਜਥੇਦਾਰ ਅਕਾਲ ਤਖਤ, ਸ੍ਰੀ ਅੰਮ੍ਰਿਤਸਰ)

ਖੁੱਲ੍ਹੇ ਮੁੱਖ ਗੁੰਚਿਆਂ ਦੇ ਮੈਹਕ ਨੇ ਮੈਹਕਾਏ ਬਾਗ, ਪੱਤਿਆਂ ਤੇ ਫੁੱਲਾਂ ਪਤ ਡਾਲੀ ਦੀ ਬਨਾਈ ਏ।
ਪੌਣ ਦੇ ਹਿਲੋਰੇ ਨਾਲ ਪੱਤਿਆਂ ਆਨੰਦ ਵਿਚ, ਖੁਸ਼ੀਆਂ ਦੀ ਤਾਲੀ ਨਾਲ ਖੁਸ਼ੀ ਦੇ ਬਜਾਈ ਏ।
ਆਉ ਗਾਉ ਹਸੋ ਵਸੋ ਰਸੋ ਫੇਰ ਫੁੱਲਾਂ ਸੰਗ, ਭੌਰਾਂ ਨੂੰ ਬੇ ਤਾਰ ਤਾਰ ਮੈਹਕ ਨੇ ਪਹੁੰਚਾਈ ਏ।
ਬਸੰਤ ਨਾਲ ਮੇਲ ਤੇ ਬਸੰਤ ਨਾਲ ਖੁਸ਼ੀਆਂ, ਬਸੰਤ ਆਈ ਬੁਲ ਬੁਲਾਂ ਨੇ ਲਾਈ ਚੈਹ ਚਹਾਈ ਏ।
ਏਸੇ, ਉਤਸ਼ਾਹ ਵਿਚ ਖੁਸ਼ੀ ਦੇ ਉਮਾਹ ਵਿਚ, ਨਵੀਂ ਹੀ ਪੁਸ਼ਾਕ ਫੁਲਵਾੜੀ ਨੇ ਵਟਾਈ ਏ।
ਨਵੇਂ ਰੰਗ ਨਵੇਂ ਢੰਗ ਨਵੀਆਂ ਉਮੰਗਾਂ ਨਾਲ, ਮਾਨੋਂ ਮੁੜ ਮੁਰਦਿਆਂ 'ਚ ਨਵੀਂ ਜਾਨ ਆਈ ਏ।
ਰੁਤ ਵਾਲੇ ਰਸ ਨੇ ਰਸਾਏ ਮਨ ਰਸੀਆਂ ਦੇ, ਵੈਸੇ ਵੀ ਬਸੰਤ ਰਾਣੀ ਰੁਤਾਂ ਦੀ ਸਦਾਈ ਏ।
ਐਦਕਾਂ ਬਸੰਤ ਖਾਸ ਨਾਮ ਨਾਲ ਸੋਂਭਦੀ ਏ, 'ਰਾਮ' ਨਾਮ ਨਾਲ ਸੋਭਾ ਏਸ ਦੀ ਸਵਾਈ ਏ।
ਆਈ ਮਨ ਭਾਈ ਸੋਹਣੀ ਪੰਚਮੀ ਬਸੰਤ ਵਾਲੀ, ਖੁਸ਼ੀ ਭਰੀ ਸੋ ਨਾਲ ਆਪਣੇ ਲਿਆਈ ਏ।
ਪੰਚਮੀ ਦੇ ਦਿਨ ਪੈਦਾ ਹੋਏ ਬਾਬਾ ਰਾਮ ਸਿੰਘ, ਨਾਮ ਦੇ ਪਿਆਰੇ ਰੁਚੀ ਨਾਮ ਵਨੀਂ ਲਾਈ ਏ।
ਨਾਮ ਰਸ ਰੰਗੇ ਪਿਆਰੇ ਪ੍ਰੀਤਮ ਦੀ ਯਾਦ ਵਿਚ, ਨਾਮ ਦੇ ਭਰੋਸੇ ਧਿਰ ਨਾਮ ਤੇ ਧਰਾਈ ਏ।
ਵੱਖੋ-ਵੱਖ ਥਾਵਾਂ ਤੇ ਸਕੀਮ ਬੰਨ ਸੂਬਿਆਂ ਦੀ, ਜੋਸ਼ ਭਰੀ ਲਹਿਰ ਪ੍ਰਚਾਰ ਦੀ ਚਲਾਈ ਏ।
ਸੇਵਾ ਅਤੇ ਸਾਦਗੀ ਸੁਦੇਸ਼ੀ ਸੰਗ ਪਿਆਰ ਦੱਸ, ਦੇਸ਼ ਦੇ ਪ੍ਰੇਮ ਵਾਲੀ ਸਿਖਿਆ ਸਿਖਾਈ ਏ।
ਨਾਮ ਦੇ ਦੀਵਾਨੇ ਨਾਮਧਾਰੀ ਮਸਤਾਨੇ ਬੀਰਾਂ, ਤੋਪਾਂ ਅਗੇ ਡਾਹੀ ਜਿੰਦ ਆਪਣੀ ਘੁਮਾਈ ਏ।
ਬੂਟਿਆਂ ਤੇ ਫੁੱਲਾਂ ਵਿਚ ਰੁਤ ਨੇ ਰਿਸਾਈ ਰਸ, ਮਨਾਂ ਵਿਚ ਰਸ ਰਾਮ ਨਾਮ ਨੇ ਰਿਸਾਈ ਏ।
ਸ਼ਰਧਾ ਦੇ ਨਾਲ ਜਾਂਦਾ ਝੁਕ ਸੀਸ ਯਾਦ ਵਿਚ, ਨਾਮ ਦੀ ਕਮਾਈ ਸਾਰੀ ਨਾਮ ਦੀ ਕਮਾਈ ਏ।

## ਭਾਗਾਂ ਭਰੀ ਬਸੰਤ

### (ਵਲੋਂ ਸ੍ਰੀਮਾਨ ਸਰਦਾਰ ਲਾਲ ਸਿੰਘ ਜੀ 'ਕੰਵਰ')

ਲੋਹਾ ਕਿਤੇ ਰਿਹਾ ਜਿਨ੍ਹੇ ਸੰਗ ਵੀ ਬਣਾਏ ਸੋਨੇ, (ਪਰ) ਪਾਰਸ ਦੇ ਵਾਂਗ ਆਪਾ ਕਿਸੇ ਤੋਂ ਲੁਕਾਇਆ ਨਾ।
ਚਾਨਣੀ ਪਸਾਰ ਤੇ ਹਨੇਰੇ ਨੂੰ ਨਿਵਾਰਕੇ ਵੀ, ਚੰਨ ਵਾਂਗੂੰ ਡੇਰਾ ਉਚੇ ਮੰਦਰਾਂ ਤੇ ਲਾਇਆ ਨਾ।
ਨੂਰ ਵਾਂਗੂੰ ਨਿਤਰ ਕੇ ਸਚਾਈ ਜਿਨ੍ਹੇ ਜ਼ਾਹਰ ਕੀਤੀ, ਛੁਪਕੇ ਹਨ੍ਹੇਰੇ ਵਾਂਗ ਜਿੰਦ ਨੂੰ ਬਚਾਇਆ ਨਾ।
ਨੰਗੇ ਧੜ ਧੜਾ ਧੜ ਝੋਲੀਆਂ ਕਟਾਰਾਂ ਜਿਨ, ਫੁੱਲ ਦਾ ਵੀ ਵਾਰ ਵਰੀ ਪੱਥਰਾਂ ਤੋਂ ਪਾਇਆ ਨਾ।
ਜਿਨ੍ਹੂੰ ਕਿਸੇ 'ਭਾਈ' ਕਿਸੇ "ਵਲੀ" ਕਿਸੇ ਗੌਸ ਕਿਹਾ, ਕਿਸੇ ਅਵਤਾਰ ਕਿਸੇ ਆਖਿਆ ਜੀ! ਸੰਤ ਏ।
ਓਸੇ ਚੀਨੀ ਵਾਲੇ, ਰਾਮ ਹਰੀ, ਜੀ ਦੀ ਯਾਦ ਵਿਚ, ਵਰ੍ਹੇ ਪਿਛੋਂ ਆਈ ਭਾਗਾਂ ਭਰੀ ਇਹ ਬਸੰਤ ਏ।

# ਸੁੱਚੇ - ਮੋਤੀ

ਮੈਂ ਇਕ ਗ਼ਰੀਬ ਆਦਮੀ ਵਾਂਗ ਕਿਸੇ ਛੋਟੀ ਕੋਠੜੀ ਵਿੱਚ ਰਹਿ ਲਵਾਂਗਾ, ਜਿਥੇ ਕਿਤਾਬਾਂ ਹੋਣ, ਬਜਾਇ ਐਸਾ ਬਾਦਸ਼ਾਹ ਬਣਨ ਦੇ, ਜਿਸ ਨੂੰ ਕਿਤਾਬਾਂ ਨਾਲ ਉੱਕਾ ਕੋਈ ਪਿਆਰ ਨਾ ਹੋਵੇ।

**ਲਾਰਡ ਮੈਕਾਲੇ**

ਮੈਂ ਆਪਣੀ ਹੀ ਕਿਤਾਬ ਨੂੰ ਇਕ ਨਵੀਂ ਦ੍ਰਿਸ਼ਟੀ ਨਾਲ ਪੜ੍ਹਦਾ ਹਾਂ, ਜਦੋਂ ਕੋਈ ਹੋਰ ਆਦਮੀ ਉਸ ਦੀ ਤਾਰੀਫ਼ ਕਰਦਾ ਹੈ।

**ਐਮਰਸਨ**

ਕਿਤਾਬ ਵਰਗਾ ਕੋਈ ਜਹਾਜ਼ ਨਹੀਂ ਹੈ, ਜੋ ਸਾਨੂੰ ਦੇਸਾਂ-ਦੇਸਾਂਤਰਾਂ ਤੋਂ ਪਾਰ ਲੈ ਜਾਵੇ।

**ਐਮਿਲੀ ਡਿਕਿਨਸਨ**

ਜੇ 'ਅਮਕਲ ਟੋਮ'ਜ਼ ਕੇਬਿਨ' ਨਾ ਲਿਖੀ ਗਈ ਹੁੰਦੀ, ਲਿੰਕਨ ਅਮਰੀਕਾ ਦਾ ਪ੍ਰਧਾਨ ਨਾ ਚੁਣਿਆ ਜਾਂਦਾ।

**ਚਾਰਲਸ ਸਮਨਰ**

ਈਸ਼ਵਰ ਨੇ ਮੈਨੂੰ ਕੋਈ ਬੱਚਾ ਨਹੀਂ ਦਿੱਤਾ, ਪਰ ਇਨ੍ਹਾਂ ਦੀ ਥਾਂ ਉਸ ਨੇ ਮੈਨੂੰ ਮੇਰੀਆਂ ਕਿਤਾਬਾਂ ਦਿੱਤੀਆਂ ਹਨ, ਜਿਨ੍ਹਾਂ ਵਿੱਚ ਮੈਂ ਪ੍ਰਸੰਨ ਰਹਿੰਦਾ ਹਾਂ।

**ਜਾਰਜ ਏ.**

ਇਕ ਲੇਖਕ ਆਪਣਾ ਗਮ ਕਿਤਾਬਾਂ ਵਿੱਚ ਲਿਖ ਕੇ, ਹੌਲਾ ਕਰ ਲੈਂਦਾ ਹੈ।

**ਡੀ. ਐਚ. ਲਾਰੰਸ**

ਜਦ ਤੁਸੀਂ ਇਕ ਕਿਤਾਬ ਪੜ੍ਹਦੇ ਹੋ, ਇੰਜ ਲੱਗਦਾ ਹੈ ਕਿ ਇਕ ਬਿਲਕੁਲ ਨਵੀਂ ਦੁਨੀਆਂ ਦੇ ਬੂਹੇ ਤੁਹਾਡੇ ਲਈ ਖੁਲ੍ਹਦੇ ਜਾ ਰਹੇ ਹਨ।

**ਗੋਰਕੀ**

ਜੋ ਪੰਨੇ ਗਿਣ ਕੇ ਪੁਸਤਕਾਂ ਦਾ ਮੁੱਲ ਦਿੰਦੇ ਹਨ, ਉਨ੍ਹਾਂ ਦਾ ਮਨ ਪੁਸਤਕ ਦੇ ਥੱਲੇ ਦਬ ਕੇ ਹੀ ਕਬਰ ਵਿੱਚ ਪੁਜ ਜਾਂਦਾ ਹੈ।

**ਟੈਗੋਰ**

ਇਕ ਸਦੀ ਦੀ ਪੁਸਤਕ ਨੂੰ ਦੂਜੀ ਸਦੀ ਤੱਕ ਪਹੁੰਚਣ ਲਈ ਸਚਾਈ ਦੀ ਲੋੜ ਏ, ਜਿਵੇਂ ਆਵਾਜ਼ ਦੀਆਂ ਲਹਿਰਾਂ ਨੂੰ ਇਕ ਥਾਂ ਤੋਂ ਦੂਜੇ ਥਾਂ ਜਾਣ ਲਈ ਈਥਰ ਦਾ ਸਹਾਰਾ ਚਾਹੀਦਾ ਏ।

**ਦੇਵਿੰਦਰ ਸਤਿਆਰਥੀ**

# ਬੱਚਿਆਂ ਦਾ ਪੰਨਾ

## ਭਾਈ ਰਾਇ ਸਿੰਘ

ਭਾਈ ਰਾਇ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਬਹੁਤ ਪਿਆਰਾ ਅਤੇ ਸ਼ਰਧਾਵਾਨ ਸਿੱਖ ਸੀ। ਉਹ ਸਤਿਗੁਰੂ ਜੀ ਦਾ ਹਰ ਹੁਕਮ ਮੰਨਣ ਲਈ ਤਿਆਰ ਰਹਿੰਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਸੰਭਾਲ ਲਈ ਹਜ਼ੂਰ ਸਾਹਿਬ ਤੋਂ ਮਰਿਆਦਾ ਲਿਆਉਣ ਲਈ ਰਾਇ ਸਿੰਘ ਨੂੰ ਹੁਕਮ ਕੀਤਾ।



ਭਾਈ ਰਾਇ ਸਿੰਘ ਜੀ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਭੈਣੀ ਸਾਹਿਬ ਤੋਂ ਪੈਦਲ ਯਾਤਰਾ ਆਰੰਭ ਕੀਤੀ। ਰਸਤੇ ਦੇ ਵਿੱਚ ਉਹਨਾਂ ਨੂੰ ਇਕ ਸਾਥੀ ਮਿਲਿਆ ਜੋ ਉਹਨਾਂ ਦੇ ਨਾਲ ਹੀ ਤੁਰ ਪਿਆ। ਅਸਲ ਵਿੱਚ ਉਹ ਇੱਕ ਠੱਗ ਸੀ ਤੇ ਭਾਈ ਰਾਇ ਸਿੰਘ ਨੂੰ ਮੌਕਾ ਮਿਲਣ ਤੇ ਲੁੱਟਣਾ ਚਾਹੁੰਦਾ ਸੀ। ਜੰਗਲ ਵਿਚ ਤੁਰਦਿਆਂ-ਤੁਰਦਿਆਂ ਰਾਤ ਹੋ ਗਈ, ਰੁੱਖ ਥੱਲੇ ਅਰਾਮ ਕਰਨ ਲੱਗੇ। ਭਾਇ ਰਾਇ ਸਿੰਘ ਨਾਮ ਸਿਮਰਨ ਦਾ ਬਹੁਤ ਅਭਿਆਸੀ ਸੀ ।

ਪਹਿਲਾਂ ਉਸਨੇ ਆਸਣ ਵਿਛਾਇਆ, ਨਾਮ ਸਿਮਰਨ ਕਰਕੇ ਅਰਦਾਸ ਕੀਤੀ ਅਤੇ ਫਿਰ ਉਸਨੂੰ ਨੀਂਦ ਆ ਗਈ। ਕੁਝ ਦੇਰ ਬਾਅਦ ਸ਼ੇਰ ਦੇ ਦਹਾੜਨ ਦੀ ਆਵਾਜ਼ ਨਾਲ ਰਾਇ ਸਿੰਘ ਦੀ ਨੀਂਦ ਖੁੱਲ੍ਹ ਗਈ। ਉਸਨੇ ਦੇਖਿਆ ਕਿ ਸ਼ੇਰ ਨੇ ਇੱਕ ਝਪਟੇ ਨਾਲ ਹੀ ਉਸਦੇ ਸਾਥੀ ਨੂੰ ਮਾਰ ਦਿੱਤਾ ਹੈ। ਉਹ ਡਰਿਆ ਨਹੀਂ, ਸਗੋਂ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਹੱਥ ਜੋੜ ਕੇ ਆਪਣੇ ਬਚਾਅ ਲਈ ਅਰਦਾਸ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੱਖ ਦੀ ਪੁਕਾਰ ਸੁਣ ਕੇ ਓਸੇ ਵੇਲੇ ਆਪਣੀ ਘੋੜੀ ਤੇ ਸਵਾਰ ਹੋ ਕੇ ਪ੍ਰਗਟ ਹੋਏ ਅਤੇ ਆਪਣੇ ਸਿੱਖ ਦੀ ਸ਼ੇਰ ਤੋਂ ਰੱਖਿਆ ਕੀਤੀ। ਭਾਈ ਰਾਇ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੋਇਆ।

ਹਜ਼ੂਰ ਸਾਹਿਬ ਤੋਂ ਮਰਿਆਦਾ ਲਿਆ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪੀ ਅਤੇ ਉਹਨਾਂ ਦਾ ਹੁਕਮ ਪੂਰਾ ਕੀਤਾ।

# ਖ਼ਬਰਨਾਮਾ

## ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਪਿੰਡ ਗੁਰੂਸਰ ਵਿਖੇ ਮੇਲਾ

ਨਾਮਧਾਰੀ ਇਤਿਹਾਸ ਵਿਚ ਕਿਸੇ ਜਾਣ-ਪਹਿਚਾਣ ਦਾ ਮਥਾਜ ਨਹੀਂ ਹੈ- 'ਪਿੰਡ ਗੁਰੂਸਰ।' ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਅਤੇ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਨਣੀ ਪੂਜਨੀਕ ਮਾਤਾ ਭੁਪਿੰਦਰ ਕੌਰ ਜੀ ਦਾ ਪੇਕਾ ਪਿੰਡ ਹੋਣ ਦਾ ਮਾਣ ਹਾਸਲ ਹੈ, ਇਸ ਨਗਰ ਨੂੰ। ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ, ਉਹ ਮਹਾਨ ਸਤਿਗੁਰੂ ਸਨ। ਜਿਨ੍ਹਾਂ ਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅਰੰਭ ਕੀਤੀ ਗਈ ਗੁਰਮਰਿਯਾਦਾ ਅਨੁਸਾਰ ਅਨੰਦ ਕਾਰਜ ਇਸੇ ਨਗਰ ਵਿੱਚ ਹੋਇਆ ਸੀ। ਉਸੇ ਅਨੰਦ ਮਰਿਯਾਦਾ ਦੀ ਅਤੇ ਪੂਜਨੀਕ ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਪਿੰਡ ਗੁਰੂਸਰ ਵਿਖੇ ਮਿਤੀ **16 ਨਵੰਬਰ 2022** ਦਿਨ ਬੁੱਧਵਾਰ ਨੂੰ ਮੇਲਾ ਮਨਾਇਆ ਗਿਆ। ਇਲਾਕਾ ਨਿਵਾਸੀ ਸਾਧ ਸੰਗਤ ਸੂਬਾ ਸਰਬਜੀਤ ਸਿੰਘ ਅਤੇ ਸੂਬਾ ਗੁਰਚਰਨ ਸਿੰਘ ਫਾਜਿਲਕਾ ਦੀ ਅਗਵਾਈ ਵੱਡੀ ਗਿਣਤੀ ਵਿੱਚ ਹਾਜ਼ਰ ਸੀ। ਸ੍ਰੀ ਸਤਿਗੁਰੂ ਜੀ ਨੇ ਇਲਾਕਾ ਜੀਵਨ ਨਗਰ ਤੋਂ ਵਾਪਸੀ ਸਮੇਂ 1:45 ਤੇ ਦੁਪਹਿਰ ਨੂੰ ਗੁਰੂਸਰ ਵਿਖੇ ਆਣ ਦੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਬਣੇ ਬਹੁਤ ਹੀ ਸੁੰਦਰ ਹਾਲ ਵਿਖੇ ਦੀਵਾਨ ਜਾਰੀ ਸੀ। ਪਿੰਡ ਅਬਲੂ ਖੁਰਾਨੇ ਦਾ ਕਵੀਸ਼ਰ ਜਥਾ ਨਰਿੰਦਰਪਾਲ ਸਿੰਘ ਅਤੇ ਉਸਦੇ ਸਾਥੀ ਬੂਟਾ ਸਿੰਘ ਤੇ ਮਨਵੀਰ ਸਿੰਘ ਕਵਿਤਾ ਪੇਸ਼ ਕਰ ਰਹੇ ਸਨ। ਉਪਰੰਤ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦੇ ਦੀਵਾਨ ਨਾਲ ਸਾਧ ਸੰਗਤ ਨੂੰ ਨਿਹਾਲ ਕੀਤਾ। ਸੂਬਾ ਸਰਬਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਅਤੇ ਆਈ ਸਾਧ ਸੰਗਤ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਮਾਤਾ ਗੁਰਸ਼ਰਨ ਕੌਰ ਜੀ ਵੀ ਇਸ ਸਮੇਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਹਾਜ਼ਰ ਸਨ। ਦੀਵਾਨ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਇਕਬਾਲ ਸਿੰਘ ਪੁੱਤਰ ਬਲਤਾਰ ਸਿੰਘ, ਗੁਰਾਂਦਿੱਤਾ ਸਿੰਘ ਪੁੱਤਰ ਪ੍ਰਿਥੀ ਸਿੰਘ ਅਤੇ ਪ੍ਰਿਤਪਾਲ ਸਿੰਘ ਪੁੱਤਰ ਪੰਡਿਤ ਰਾਜਿੰਦਰ ਸਿੰਘ ਗੁਰੂਸਰ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਇਥੋਂ ਹੀ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਸ੍ਰੀ ਭੈਣੀ ਸਾਹਿਬ ਲਈ ਚੱਲ ਪਿਆ ਅਤੇ ਹਨ੍ਹੇਰਾ ਹੋਣ ਤੱਕ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਆਣ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ਼ਹਿਰ ਸਮਾਣਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜਿਥੇ ਜਿਥੇ ਵੀ ਨਾਮਧਾਰੀ ਸਾਧ ਸੰਗਤ ਵੱਸਦੀ ਹੈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਥੇ ਉਥੇ ਜਾ ਕੇ ਸਾਧ ਸੰਗਤ ਨੂੰ ਨਿਵਾਜ਼ਦੇ ਹਨ। ਹਰ ਨਾਮਧਾਰੀ ਪਰਿਵਾਰ ਦੀ ਦਿਲੀਂ ਖਾਹਿਸ਼ ਹੁੰਦੀ ਹੈ ਕਿ ਉਨ੍ਹਾਂ ਦਾ ਕੋਈ ਵੀ ਪ੍ਰੋਗਰਾਮ ਹੋਵੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਨਾਲ ਪਰਿਵਾਰ ਨੂੰ ਅਤੀਅੰਤ ਪ੍ਰਸੰਨਤਾ ਹੁੰਦੀ ਹੈ। ਸਮਾਨਾ ਵਿਖੇ ਸ. ਰਤਨ ਸਿੰਘ ਚੀਮਾਂ ਦੀ ਮਾਤਾ ਸੁਰਜੀਤ ਕੌਰ ਜੋ ਕਿ ਪਿਛਲੇ ਦਿਨੀਂ ਚੜਾਈ ਕਰ ਗਏ ਸਨ।

ਪਰਿਵਾਰ ਵੱਲੋਂ ਬੇਨਤੀ ਕਰਨ 'ਤੇ ਸ੍ਰੀ ਸਤਿਗੁਰੂ ਜੀ ਨੇ ਮਿਤੀ **18 ਨਵੰਬਰ 2022 ਦਿਨ ਸ਼ੁੱਕਰਵਾਰ** ਨੂੰ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ, ਸਰਹਿੰਦ, ਰਾਜਪੁਰ, ਪਟਿਆਲਾ ਪਹੁੰਚੇ ਤਾਂ ਪਟਿਆਲਾ ਵਿਖੇ ਸ੍ਰੀ ਸਤਿਗੁਰੂ ਜੀ ਨੇ ਸ. ਮਨਜੀਤ ਸਿੰਘ ਚੀਮਾ ਜੋ ਕਿ ਪੰਜਾਬ ਸਰਕਾਰ ਵਿੱਚ ਉੱਚ ਅਹੁਦੇ ਤੇ ਤਹਿਨਾਤ ਹਨ। ਸ. ਚੀਮਾ ਜੀ ਦੇ ਗ੍ਰਹਿ ਵਿਖੇ ਪਟਿਆਲੇ ਚਰਨ ਪਾਉਣ ਦੀ ਕਿਰਪਾ ਕੀਤੀ। ਇਥੋਂ ਹੀ ਸਮਾਣਾ ਵਿਖੇ ਭੋਗ ਸਮਾਗਮ ਵਿੱਚ ਦਰਸ਼ਨ ਦਿੱਤੇ। ਜਿਥੇ ਜ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ। ਸਾਧ-ਸੰਗਤ ਨੇ ਆਦਰ ਸਹਿਤ ਭੇਂਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਪਵਿੱਤਰ ਗੁਰਬਾਣੀ ਦੇ ਪਾਠ ਦੇ ਭੋਗ ਉਪਰੰਤ ਅਰਦਾਸ ਕੀਤੀ ਗਈ। ਇਸ ਸਮੇਂ ਮਹਾਂਰਾਣੀ ਪ੍ਰਨੀਤ ਕੌਰ ਮੈਂਬਰ ਪਾਰਲੀਮੈਂਟ ਵੀ ਹਾਜ਼ਰ ਸਨ। ਭੋਗ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਮਾਣਾ ਵਿਖੇ ਅਰਜਨ ਸਿੰਘ

ਪੁੱਤਰ ਜਗੀਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਦੀਦਾਰ ਸਿੰਘ, ਦਿਲਬਾਗ ਸਿੰਘ ਦੀ ਵਰਕਸ਼ਾਪ, ਹਰਵਿੰਦਰ ਸਿੰਘ ਪੁੱਤਰ ਅਮੀਰ ਸਿੰਘ, ਪਲਵਿੰਦਰ ਸਿੰਘ, ਮਹਿੰਦਰ ਸਿੰਘ, ਬੰਤ ਸਿੰਘ ਪੁੱਤਰ ਸਾਉਣ ਸਿੰਘ ਅਤੇ ਰਤਨ ਸਿੰਘ, ਬਲਵਿੰਦਰ ਸਿੰਘ ਚੀਮਾ ਪੁੱਤਰ ਸ. ਬਲਕਾਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਇਥੋਂ ਹੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਰਾਈਆਂ ਵਿਖੇ ਸ. ਜੋਗਾ ਸਿੰਘ ਦੀ ਪਤਨੀ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਮਿਤੀ **17 ਨਵੰਬਰ 2022 ਦਿਨ ਵੀਰਵਾਰ** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬੀਬੀ ਸੁਰਜੀਤ ਕੌਰ ਧਰਮ ਪਤਨੀ ਸ. ਜੋਗਾ ਸਿੰਘ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਸਥਾਨ ਤੇ ਚੱਲ ਰਹੀ ਅਖੰਡ ਵਰਨੀ ਦੀ ਸੇਵਾ ਨਿਭਾ ਰਹੇ ਸ. ਗੁਰਦੀਪ ਸਿੰਘ ਦੀ ਮਾਤਾ ਸਨ। ਬੀਬੀ ਸੁਰਜੀਤ ਕੋਰ ਜ. ਬਲਬੀਰ ਸਿੰਘ ਦੇ ਦੀਵਾਨ ਦੀ ਸਮਾਪਤੀ ਉਪਰੰਤ ਨੌਵੇਂ ਮਹੱਲੇ ਦੇ ਸਲੋਕ ਪੜ੍ਹਨ ਉਪਰੰਤ ਇਕ ਪਾਠ ਦਾ ਭੋਗ ਬੀਬੀ ਸੁਰਜੀਤ ਕੌਰ ਨਮਿਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ।

**ਸੂਬਾ ਬਲਵਿੰਦਰ ਸਿੰਘ ਝੱਲ**

## ਡੇਰਾ ਬਾਬਾ ਨਾਨਕ ਦੇ ਪਿੰਡ ਚੋੜਾ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੇਲਾ

ਜ਼ਿਲ੍ਹਾਂ ਗੁਰਦਾਸਪੁਰ ਦੇ ਇਲਾਕੇ ਡੇਰਾ ਬਾਬਾ ਨਾਨਕ ਦੇ ਨਜਦੀਕ ਪੈਂਦੇ ਪਿੰਡ ਚੋੜਾ ਨਾਲ ਸੰਬੰਧਤ ਅਸਟਰੇਲੀਆ ਨਿਵਾਸੀ ਸ. ਜਗਬੀਰ ਸਿੰਘ ਪੁੱਤਰ ਸ. ਪ੍ਰੀਤਮ ਸਿੰਘ ਦੀ ਖਾਹਿਸ਼ ਸੀ ਕਿ ਉਹ ਜਦ ਵੀ ਪਰਿਵਾਰ ਸਮੇਤ ਭਾਰਤ ਆਵੇ ਤਾਂ ਆਪਣੇ ਪਿੰਡ ਚੋੜਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਪਵਿੱਤਰ ਯਾਦ ਵਿੱਚ ਮੇਲਾ ਮਨਾਇਆ ਜਾਵੇ। ਸ੍ਰੀ ਸਤਿਗੁਰੂ ਜੀ ਨੂੰ ਪਰਿਵਾਰ ਵੱਲੋਂ ਬੇਨਤੀ ਕਰਨ 'ਤੇ ਸ੍ਰੀ ਸਤਿਗੁਰੂ ਵੱਲੋਂ ਪ੍ਰਵਾਨਗੀ ਹੋਈ ਕਿ **24 ਨਵੰਬਰ 2022 ਦਿਨ ਵੀਰਵਾਰ** ਨੂੰ ਮੇਲਾ ਕੀਤਾ ਜਾਵੇਗਾ। ਦਿੱਤੇ ਹੋਏ ਸਮੇਂ ਮੁਤਾਬਿਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਵੇਰੇ ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਜਲੰਧਰ-ਅੰਮ੍ਰਿਤਸਰ ਪਹੁੰਚੇ। ਜਿਥੇ ਅੰਮ੍ਰਿਤਸਰ ਵਿਖੇ ਰਣਜੀਤ ਐਵਨਿਊ ਵਿਖੇ ਸੰਤ ਸਤਨਾਮ ਸਿੰਘ ਜੀ ਸਸਰਾਲੀ ਕਲੋਨੀ ਵਾਲਿਆਂ ਵੱਲੋਂ ਨਵੇਂ ਕਾਰੋਬਾਰ ਦਾ ਮਹੂਰਤ ਸ੍ਰੀ ਸਤਿਗੁਰੂ ਜੀ ਦੇ ਸ਼ੁਭ ਕਰ ਕਮਲਾਂ ਦੁਆਰਾ ਕੀਤਾ ਗਿਆ। ਇਥੇ ਹੀ ਸ. ਸਰਬਜੀਤ ਸਿੰਘ ਪੁੱਤਰ ਜਥੇਦਾਰ ਦਵਿੰਦਰ ਸਿੰਘ ਵਲੋਂ ਨਵੇਂ ਖੋਲੇ ਗਏ ਨਿਊਲੈਂਡ ਇਮੀਗਰੇਸਨ ਦੇ ਦਫ਼ਤਰ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਅੰਮ੍ਰਿਤਸਰ ਤੋਂ ਚੱਲ ਕੇ ਵਾਇਆ ਬਟਾਲਾ ਹੁੰਦੇ ਹੋਏ ਡੇਰਾ ਬਾਬਾ ਨਾਨਕ ਦੇ ਨਜਦੀਕ ਪਿੰਡ ਚੋੜਾ ਵਿਖੇ ਸ. ਗੁਰੇਦਵ ਸਿੰਘ, ਜਗਬੀਰ ਸਿੰਘ ਪੁੱਤਰ ਸ. ਪ੍ਰੀਤਮ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿਤੇ। ਜਿਸ ਪਰਿਵਾਰ ਵੱਲੋਂ ਅੱਜ ਦਾ ਇਹ ਮੇਲਾ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਕਰਵਾਇਆ ਜਾ ਰਿਹਾ ਸੀ। ਇਥੇ ਪ੍ਰਸ਼ਾਦਾ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਭਗਵੰਤ ਸਿੰਘ, ਪਲਵਿੰਦਰ ਸਿੰਘ ਪੁੱਤਰ ਸ. ਹਰਬੰਸ ਸਿੰਘ ਦੇ ਘਰ ਸ. ਸਤਪਾਲ ਸਿੰਘ ਪੁੱਤਰ ਸ. ਗੁਰਮੇਜ ਸਿੰਘ ਦੇ ਗਰ ਚਰਨ ਪਾਉਣ ਦੀ ਕਿਰਪਾ ਕੀਤੀ। ਜਦੋਂ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦਿੱਤੇ ਤਾਂ ਸੰਤ ਨਿਸ਼ਾਨ ਸਿੰਘ ਕਥਾਵਾਚਕ ਕਥਾ ਕਰ ਰਹੇ ਸਨ। ਇਸ ਤੋਂ ਪਹਿਲਾਂ ਸ. ਕੁਲਦੀਪ ਸਿੰਘ, ਸੂਬਾ ਅਜੀਤ ਸਿੰਘ ਬਟਾਲਾ, ਜ. ਸੁਰਜੀਤ ਸਿੰਘ, ਜ. ਗੁਰਬਚਨ ਸਿੰਘ, ਬਹਾਦਰ ਹੁਸੈਨ, ਸ. ਸੁਖਵੰਤ ਸਿੰਘ ਮੁਹਾਵਾਂ ਅਤੇ ਕਵੀਸ਼ਰ ਦਿਲਬਾਗ ਸਿੰਘ ਆਪੋ-ਆਪਣੀ ਵਾਰੀ ਅਨੁਸਾਰ ਦੀਵਾਨ ਸਜਾ ਚੁੱਕੇ ਸਨ। ਸਾਧ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸੀ ਅਤੇ ਪੰਡਾਲ ਭਰਪੂਰ ਸੀ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ "ਸਿੱਖੀ ਵਿਸ਼ਵਾਸ਼ ਦੀ ਹੈ। ਜੇ ਵਿਸ਼ਵਾਸ ਨਹੀਂ ਤਾਂ ਕੁਝ ਵੀ ਨਹੀਂ।" ਅੰਮ੍ਰਿਤ ਵੇਲੇ ਸਣੇਕੇਸੀਂ ਇਸ਼ਨਾਨ ਕਰਨ ਅਤੇ ਗੁਰਬਾਣੀ ਨਾਲ ਜੁੜ ਕੇ ਆਪਣਾ ਜੀਵਨ ਉੱਚਾ ਕਰਨ ਦਾ ਹੁਕਮ ਸ੍ਰੀ ਸਤਿਗੁਰੂ ਜੀ ਨੇ ਕੀਤਾ। ਤਿੰਨ ਪਾਠਾਂ ਦੇ ਭੋਗ ਪਾਏ ਗਏ। ਇਸ ਸਮੇਂ ਸੂਬਾ ਸੁਖਵਿੰਦਰ ਸਿੰਘ ਕਪੂਰਥਲਾ, ਸੂਬਾ ਅਮਰੀਕ ਸਿੰਘ ਅੰਮ੍ਰਿਤਸਰ, ਸੂਬਾ ਸ਼ਾਮ ਸਿੰਘ ਤਰਨ ਤਾਰਨ, ਸੂਬਾ ਗੁਲਜਾਰ ਸਿੰਘ ਮਹਿਮੂਦਪੁਰ, ਸੂਬਾ

ਬਲਵਿੰਦਰ ਸਿੰਘ ਚੱਕਯਕੂਬ ਹਾਜ਼ਰ ਸਨ। ਇਥੋਂ ਹੀ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਬਟਾਲਾ ਸ਼ਹਿਰ ਵਿਖੇ ਬੀਬੀ ਸਿਮਰਜੀਤ ਕੌਰ ਪਤਨੀ ਸ. ਸਰਵਨ ਸਿੰਘ ਦੇ ਗ੍ਰਹਿ ਵਿਖੇ ਉਜਾਗਰ ਨਗਰ ਬਟਾਲਾ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਵਾਇਆ ਮਹਿਤਾ ਚੌਂਕ, ਬਾਬਾ ਬਕਾਲਾ ਹੁੰਦੇ ਹੋਏ ਸ਼ਾਮ ਤੱਕ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਵਿਖੇ ਆਣ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਪਿੰਡ ਬਿਜਲੀਵਾਲ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੇਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਅਤੇ ਨਾਮਧਾਰੀ ਪੰਥ ਦੀ ਬਹੁਤ ਹੀ ਸਤਿਕਾਰ ਯੋਗ ਹਸਤੀ ਹੋ ਗੁਜਰੇ ਹਨ- 'ਸੰਤ ਬਲਵੰਤ ਸਿੰਘ ਜੀ ਵੈਦ'। ਜਿਨ੍ਹਾਂ ਦਾ ਸਮੁੱਚਾ ਜੀਵਨ ਇਕ ਪਰਉਪਕਾਰੀ ਸਾਧੂ ਤਰ੍ਹਾਂ ਬਤੀਤ ਹੋਇਆ ਹੈ। ਸੰਤ ਬਲਵੰਤ ਸਿੰਘ ਜੀ ਵੈਦ ਦੀ ਯਾਦ ਵਿੱਚ ਹਰ ਸਾਲ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਹਰਦੇਵ ਸਿੰਘ ਜੀ ਬਿਜਲੀਵਾਲ ਮੇਲਾ ਕਰਵਾਉਂਦੇ ਹਨ। ਇਲਾਕਾ ਨਿਵਾਸੀ ਸਾਧ ਸੰਗਤ ਦੇ ਸਹਿਯੋਗ ਨਾਲ ਸੰਤ ਜੀ ਦੀ ਯਾਦ ਨੂੰ ਤਾਜਾ ਕਰਦੇ ਹਨ।

**ਮਿਤੀ 28 ਨਵੰਬਰ 2022 ਦਿਨ ਸੋਮਵਾਰ-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਜਲੰਧਰ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਕਪੂਰਥਲੇ ਜਿਲ੍ਹੇ ਦੇ ਕਸਬਾ ਨਡਾਲਾ ਵਿਖੇ ਦਰਸ਼ਨ ਦਿੱਤੇ ਅਤੇ ਸ. ਨਿਰਮਲ ਸਿੰਘ ਪੁੱਤਰ ਤ੍ਰਿਲੋਚਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰਸਤੇ ਵਿੱਚ ਸੜਕ 'ਤੇ ਹੀ ਸ. ਦਇਆ ਸਿੰਘ ਨਡਾਲਾ ਨੂੰ ਵੀ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਨਡਾਲਾ ਤੋਂ ਵਾਇਆ ਸ੍ਰੀ ਹਰਿਗੋਬਿੰਦ ਹੁੰਦੇ ਹੋਏ ਪਿੰਡ ਬਹਾਦਰ ਹੁਸੈਨ ਵਿਖੇ ਜਥੇਦਾਰ ਗਿਆਨ ਸਿੰਘ ਵੀਰੋਕੇ ਦੇ ਸਪੁੱਤਰ ਜਥੇਦਾਰ ਗੁਰਬਚਨ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਇਥੋਂ ਹੀ ਪਿੰਡ ਬਿਜਲੀਵਾਲ ਵਿਖੇ ਸੰਤ ਬਲਵੰਤ ਸਿੰਘ ਵੈਦ ਜੀ ਦੀ ਯਾਦ ਵਿੱਚ ਮਨਾਏ ਜਾ ਰਹੇ ਮੇਲੇ ਵਿੱਚ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇਥੇ ਹੀ ਸ. ਅਮਰਜੀਤ ਸਿੰਘ ਸਰਪੰਚ, ਸ. ਸਵਿੰਦਰ ਸਿੰਘ, ਹੀਰਾ ਸਿੰਘ, ਕੁਲਜੀਤ ਸਿੰਘ, ਸਤਨਾਮ ਸਿੰਘ ਅਤੇ ਸੁਰਜੀਤ ਸਿੰਘ ਦੇ ਗ੍ਰਹਿ ਵਿਖੇ ਚਰਨ ਵੀ ਸ੍ਰੀ ਸਤਿਗੁਰੂ ਜੀ ਨੇ ਪਾਏ। ਇਥੋਂ ਹੀ ਪਿੰਡ ਬਿਜਲੀਵਾਲ ਵਿਖੇ ਸ. ਬਲਬੀਰ ਸਿੰਘ ਤੇ ਗਗਨਦੀਪ ਸਿੰਘ ਦੇ ਘਰਾਂ ਵਿੱਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਸ. ਸਰਦੂਲ ਸਿੰਘ ਦੇ ਪਿੰਡ ਸਰਵਾਲੀ ਵਿਖੇ ਸ. ਸਰਦੂਲ ਸਿੰਘ ਦੇ ਪਿਤਾ ਨੂੰ ਦਰਸ਼ਨ ਦਿਤੇ ਜੋ ਸੱਟ ਲੱਗਣ ਕਾਰਨ ਮੰਜੇ ਤੇ ਹੀ ਜੇਰੇ ਇਲਾਜ ਸਨ। ਇਥੇ ਹੀ ਸ. ਕੁਲਦੀਪ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ।

ਵਾਪਸ ਆਣ ਸੰਤ ਹਰਦੇਵ ਸਿੰਘ ਜੀ ਦੇ ਡੇਰੇ ਦੀਵਾਨ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਿਥੇ ਸੰਤ ਨਿਸ਼ਾਨ ਸਿੰਘ ਕਥਾ ਕਰ ਰਹੇ ਸਨ। ਅੱਜ ਦਾ ਇਹ ਮੇਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸੰਤ ਬਲਵੰਤ ਸਿੰਘ ਵੈਦ ਜੀ ਦੀ ਯਾਦ ਨੂੰ ਸਮਰਪਿਤ ਸੀ। ਇਸ ਤੋਂ ਪਹਿਲਾਂ ਸੂਬਾ ਮੋਹਕਮ ਸਿੰਘ, ਸੂਬਾ ਅਜੀਤ ਸਿੰਘ ਜੀ ਬਟਾਲਾ, ਜ. ਸੁਰਜੀਤ ਸਿੰਘ, ਜ. ਗੁਰਬਚਨ ਸਿੰਘ ਬਹਾਦਰ ਹੁਸੈਨ ਨੇ ਕ੍ਰਮਵਾਰ ਦੀਵਾਨ ਸਜਾਏ। ਸਟੇਜ ਸਕੱਤਰ ਸੂਬਾ ਬਲਵਿੰਦਰ ਸਿੰਘ ਚੱਕ ਯਕੂਬ ਸਨ। ਇਸ ਸਮੇਂ ਸੂਬਾ ਅਮਰੀਕ ਸਿੰਘ ਅੰਮ੍ਰਿਤਸਰ, ਸੂਬਾ ਸ਼ਾਮ ਸਿੰਘ ਤਰਨ ਤਾਰਨ, ਸੂਬਾ ਗੁਲਜ਼ਾਰ ਸਿੰਘ ਮਹਿਮੂਦਪੁਰ ਹਾਜ਼ਰ ਸਨ। ਮੇਲੇ ਦੀ ਸਮਾਪਤੀ ਉਪਰੰਤ ਵਾਪਸ ਹੋਠੀਆਂ ਪਿੰਡ ਵਿਖੇ ਸ. ਗੁਰਵਿੰਦਰ ਸਿੰਘ ਪੁੱਤਰ ਸ. ਨਰਿੰਜਨ ਸਿੰਘ ਅਤੇ ਗੁਰਦੇਵ ਸਿੰਘ ਪੁੱਤਰ ਨਰਾਇਣ ਸਿੰਘ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ।

ਇਥੋਂ ਹੀ ਵਾਪਸੀ ਕਰਦੇ ਹੋਏ ਵਾਇਆ ਅੰਮ੍ਰਿਤਸਰ, ਮੱਖੂ, ਜੀਰਾ ਅਤੇ ਬਠਿੰਡਾ ਹੁੰਦੇ ਹੋਏ ਸ੍ਰੀ ਜੀਵਨ ਨਗਰ ਇਲਾਕੇ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਆਣ ਪਧਾਰੇ। ਸ਼ਾਮ ਵੇਲੇ ਪਿੰਡ ਅਮਰਾਸਰ ਕਲਾਂ ਵਿਖੇ ਸ. ਸਰਦਾਰ ਸਿੰਘ, ਦਰਸ਼ਨ ਸਿੰਘ, ਗੁਰਦਿਆਲ ਸਿੰਘ ਅਤੇ ਗੁਰਮੁੱਖ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਇਥੋਂ ਵਾਪਸੀ ਤੇ ਬੀਬੀ ਮਸਤਾਨੀ ਨੂੰ ਦਰਸ਼ਨ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਸੇਵਕਾਂ ਸਹਿਤ ਮਸਤਾਨ ਗੜ੍ਹ ਆਣ ਰਾਤ ਵਿਸ਼ਰਾਮ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਸ੍ਰੀ ਸਤਿਗੁਰੂ ਜੀ ਦਾ ਦੌਰਾ ਇਲਾਕਾ ਜੀਵਨ ਨਗਰ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ ਦੇ ਦੌਰੇ ਤੋਂ ਵਾਪਸੀ ਕਰਦੇ ਹੋਏ ਵਾਇਆ ਅੰਮ੍ਰਿਤਸਰ, ਮੱਖੂ, ਜ਼ੀਰਾ, ਬਠਿੰਡਾ ਹੁੰਦੇ **ਮਿਤੀ 28 ਨਵੰਬਰ 2022 ਨੂੰ ਦਿਨ ਸੋਮਵਾਰ** ਨੂੰ ਹੀ ਰਾਤ ਵਿਸਰਾਮ ਮਸਤਾਨਗੜ੍ਹ ਆਣ ਕੀਤਾ ਅਤੇ ਇਸ ਤਰ੍ਹਾਂ ਸ੍ਰੀ ਜੀਵਨ ਨਗਰ ਇਲਾਕੇ ਦੇ ਦੌਰੇ ਦੀ ਅਰੰਭਤਾ ਕਰਦੇ ਹੋਏ ਮਿਤੀ **29 ਨਵੰਬਰ 2022** ਦਿਨ ਮੰਗਲਵਾਰ ਨੂੰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਪ੍ਰਤਾਪ ਮੰਦਰ ਪਿੰਡ ਸੰਤ ਨਗਰ ਵਿਖੇ ਸਥਾਨਕ ਜਥੇ ਵੱਲੋਂ ਜਿਸ ਦੀ ਅਗਵਾਈ ਜਥੇ. ਜਸਵਿੰਦਰ ਸਿੰਘ ਭਿੰਡਰ ਅਤੇ ਵਿਕਰਮ ਸਿੰਘ ਐਲਨਾਬਾਦ ਕਰ ਰਹੇ ਸਨ। ਵਾਰ ਦੇ ਭੋਗ ਉਪਰੰਤ ਸ. ਗੁਰਚਰਨ ਸਿੰਘ ਚੰਨ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਤਤ ਵਿੱਚ ਕੁਝ ਸ਼ਬਦ ਬੋਲੇ। ਸ. ਸੁਵਰਨ ਸਿੰਘ ਵਿਰਕ ਵੱਲੋਂ ਇਕ ਸਾਖੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸਾਧ ਸੰਗਤ ਦੇ ਸਨਮੁੱਖ ਰੱਖੀ। ਇਥੇ ਹੀ ਨਗਰ ਨਿਵਾਸੀ ਸਾਧ ਸੰਗਤ ਵੱਲੋਂ ਇਕ ਅਖੰਡ ਪਾਠ ਦਾ ਭੋਗ ਵੀ ਪਾਇਆ ਗਿਆ। ਇਥੇ ਹੀ ਪਿੰਡ ਜਗਜੀਤ ਨਗਰ ਨੂੰ ਜਾਂਦੇ ਹੋਏ ਰਸਤੇ ਵਿੱਚ ਸ੍ਰੀ ਸਤਿਗੁਰੂ ਜੀ ਨੇ ਮਾਸਟਰ ਗੋਬਿੰਦ ਸਿੰਘ ਜੀ ਨੂੰ ਦਰਸ਼ਨ ਦਿੱਤੇ ਅਤੇ ਸ. ਸ਼ਿੰਗਾਰਾ ਸਿੰਘ ਦੀ ਧਰਮ ਪਤਨੀ ਬੀਬੀ ਬਲਬੀਰ ਕੌਰ ਦੇ ਚੜ੍ਹਾਈ ਕਰਨ ’ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਪਿੰਡ ਦਮਦਮਾ ਵਿਖੇ ਸ. ਜਸਵਿੰਦਰ ਸਿੰਘ ਭਗਤੇਵਾਲੇ ਦੇ ਘਰ ਚਰਨ ਪਾਏ। ਪਿੰਡ ਦਮਦਮਾ ਵਾਲੇ ਸ. ਜਹਿਬਰ ਸਿੰਘ ਦੇ ਚੜ੍ਹਾਈ ਕਰਨ ’ਤੇ ਉਸਦੇ ਨਮਿਤ ਭੋਗ ਪਿੰਡ ਸੰਤ ਨਗਰ ਵਿਖੇ ਪ੍ਰਤਾਪ ਮੰਦਰ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਇਥੇ ਹੀ ਇਕ ਭੋਗ ਬੀਬੀ ਬਲਬੀਰ ਕੌਰ ਪਤਨੀ ਸ. ਸ਼ਿੰਗਾਰਾ ਸਿੰਘ ਨਮਿਤ ਵੀ ਪਾਇਆ ਗਿਆ। ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵੱਲੋਂ ਦੀਵਾਨ ਸਜਾਇਆ ਗਿਆ। ਭੋਗ ਉਪਰੰਤ ਸ. ਹਰਪਾਲ ਸਿੰਘ ਸੇਵਕ ਕੁਝ ਸ਼ਬਦ ਬੋਲੇ। ਪਿੰਡ ਸੰਤ ਨਗਰ ਵਿਖੇ ਹੀ ਸਵੇਰੇ ਸ. ਪਾਲ ਸਿੰਘ ਪੁੱਤਰ ਸ. ਹਰਬੰਸ ਸਿੰਘ ਦੇ ਗ੍ਰਹਿ ਵਿਖੇ ਇਕ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਇਥੇ ਹੀ ਕਿਰਤ ਸਿੰਘ ਪੁੱਤਰ ਧਰਮਿੰਦਰ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਸੰਤ ਨਗਰ ਵਿਖੇ ਹੀ ਬਲਵਿੰਦਰ ਸਿੰਘ ਮੁਕਤਾ ਦੇ ਪਿਤਾ ਸ. ਜੀਤ ਸਿੰਘ, ਪੂਰਨ ਸਿੰਘ ਮੁਕਤਾ ਦੇ ਘਰ ਬੀਬੀ ਬਲਬੀਰ ਕੌਰ ਨੂੰ, ਧਿਆਨ ਸਿੰਘ ਮੁਕਤਾ ਦੀ ਮਾਤਾ ਬੀਬੀ ਪਿਆਰ ਕੌਰ ਨੂੰ ਦਰਸ਼ਨ ਦਿਤੇ ਅਤੇ ਸ. ਗੁਰਦੀਪ ਸਿੰਘ, ਸ. ਕਰਨੈਲ ਸਿੰਘ ਲੋਪੇਕੇ, ਸ. ਮੁਖਤਿਆਰ ਸਿੰਘ ਨਿਹੰਗ ਦੇ ਘਰ ਬੀਬੀ ਮਹਿੰਦਰ ਕੌਰ ਨੂੰ ਦਰਸਨ ਦੇਣ ਦੀ ਕਿਰਪਾ ਕੀਤੀ। ਹਰੀ ਸਿੰਘ, ਨਰਿੰਜਨ ਸਿੰਘ, ਇੰਦਰ ਸਿੰਘ, ਜੀਤ ਸਿੰਘ, ਹਰਜਿੰਦਰ ਸਿੰਘ ਦੇ ਘਰ ਦਰਸ਼ਨ ਦਿੱਤੇ ਅਤੇ ਸ. ਪੂਰਨ ਸਿੰਘ ਵਿਰਕ ਦੇ ਘਰ ਪ੍ਰਸ਼ਾਦਾ ਛਕਿਆ।

ਐਲਨਾਬਾਦ ਵਿਖੇ ਸ. ਸਵਰਨ ਸਿੰਘ ਹਸਨਪੁਰੀਆ ਦੇ ਚੜ੍ਹਾਈ ਕਰਨ ’ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮਾਤਾ ਜਗੀਰ ਸਿੰਘ ਕੌਰ ਦੇ ਚੜ੍ਹਾਈ ਕਰਨ ਤੇ ਜੋਗਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਅਤੇ ਕੇਵਲ ਸਿੰਘ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮਾਸਟਰ ਅਮਰੀਕ ਸਿੰਘ ਜੀ ਦੀ ਧਰਮ ਪਤਨੀ ਨੂੰ ਦਰਸ਼ਨ ਦਿੱਤੇ। ਇਥੇ ਨਾਮਧਾਰੀ ਧਰਮਸ਼ਾਲਾ ਐਲਨਾਬਾਦ ਵਿੱਚ ਨਾਮ ਸਿਮਰਨ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨਾਮ ਸਿਮਰਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਜੂਨੀਅਰ ਅਤੇ ਸੀਨੀਅਰ ਬੱਚਿਆਂ ਕੋਲੋਂ ਗੁਰਬਾਣੀ ਦਾ ਪਾਠ ਸੁਣਨ ਦੀ ਕਿਰਪਾ ਕੀਤੀ। ਬੱਚਿਆਂ ਨੇ ਬੜੇ ਹੀ ਉਤਸ਼ਾਹ ਅਤੇ ਚਾਅ ਨਾਲ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਬੈਠ ਪਾਠ ਸੁਣਾਇਆ। ਇਥੋਂ ਹੀ ਵਾਪਸ ਮਸਤਾਨਗੜ੍ਹ ਆਣ ਰਾਤ ਵਿਸ਼ਰਾਮ ਕੀਤਾ।

**ਮਿਤੀ 30 ਨਵੰਬਰ 2022 ਦਿਨ ਬੁੱਧਵਾਰ–** ਮਸਤਾਨਗੜ੍ਹ ਵਿਖੇ ਹੀ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ. ਵਿਰਕਮ ਸਿੰਘ ਪੁੱਤਰ ਸੂਬਾ ਬਲਦੇਵ ਸਿੰਘ ਐਲਨਾਬਾਦ ਅਤੇ ਬੰਤਾ ਸਿੰਘ ਪੁੱਤਰ ਸ. ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਸਥਾਨਕ ਜਥੇ ਵੱਲੋਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤਾ ਗਿਆ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਸਮੇਂ ਹੀ ਸੇਠ ਨਾਨਕ ਸਿੰਘ ਦੇ ਸਪੁੱਤਰ ਕਾਕਾ ਨਰੋਤਮ ਸਿੰਘ ਦਾ ਅਨੰਦ ਕਾਰਜ ਬੀਬੀ ਗੁਰਪ੍ਰੀਤ ਕੌਰ ਸਪੁੱਤਨੀ ਸ. ਪ੍ਰੇਮ ਸਿੰਘ ਨਾਲ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ। ਭੋਗ ਉਪਰੰਤ ਸ. ਸੁਵਰਨ

ਸਿੰਘ ਵਿਰਕ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸ ਦੀ ਸਾਖੀ ਸਾਧ ਸੰਗਤ ਦੇ ਸਨਮੁੱਖ ਪੇਸ਼ ਕੀਤੀ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ।

ਇਥੋਂ ਹੀ ਐਲਨਾਬਾਦ ਬਾਹਰ ਸ. ਜਸਵੰਤ ਸਿੰਘ ਕੋਟਲੀ ਵਾਲੇ ਦੀ ਢਾਣੀ ਤੇ ਅਖੰਡ ਪਾਠ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਜ. ਜਸਵਿੰਦਰ ਸਿੰਘ ਭਿੰਡਰ ਨੇ ਦੀਵਾਨ ਸਜਾਇਆ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ "ਸਾਧ ਸੰਗਤ ਜੀ ਗੁਰਬਾਣੀ ਇਕ ਜੀਵਨ ਜਾਚ ਹੈ। ਦੇਣ ਵਾਲਾ ਕੇਵਲ ਇਕ ਪਰਮੇਸ਼ਰ ਹੈ।" ਇਥੇ ਹੀ ਪ੍ਰਸ਼ਾਦਾ ਛਕਣ ਉਪਰੰਤ ਵਾਪਸੀ ਕਰਦੇ ਹੋਏ ਪਿੰਡ ਦਮਦਮਾ, ਸੰਤੋ-ਖਪੁਰਾ ਵਿਖੇ, ਚੁਣੀ ਗਈ ਪੰਚਾਇਤ ਵੱਲੋਂ ਚੋਣਾਂ ਅਮਨ-ਅਮਾਨ ਨਾਲ ਨੇਪਰੇ ਚੜ੍ਹਨ ਦੀ ਖੁਸ਼ੀ ਵਿੱਚ ਨਗਰ ਨਿਵਾਸੀਆਂ ਵੱਲੋਂ ਇਕ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਦੋ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਬਲਜੀਤ ਸਿੰਘ ਦੇ ਘਰ ਚਰਨ ਪਾਏ ਗਏ। ਇਥੋਂ ਹੀ ਸ੍ਰੀ ਸਤਿਗੁਰੂ ਹਰੀ ਸਿੰਘ ਕਾਲਜ ਦੇ ਐਸਟੋਟਰਫ ਹਾਕੀ ਮੈਦਾਨ ਵਿੱਚ ਲੜਕੀਆਂ ਦੀ 55 ਵੀਂ ਰਾਜਪੱਧਰੀ ਹਾਕੀ ਟੂਰਨਾਮੈਟ ਉਦਘਾਟਨ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਇਸ ਟੂਰਨਾਮੈਂਟ ਵਿੱਚ 14 ਸਾਲ, 17 ਸਾਲ ਅਤੇ 19 ਸਾਲ ਦੀ ਲੜਕੀਆਂ ਪੂਰੇ ਹਰਿਆਣੇ ਸਟੇਟ ਤੋਂ ਭਾਗ ਲੈ ਰਹੀਆਂ ਸਨ। ਪੂਰੇ ਸਟਾਫ ਅਤੇ ਕਾਲਜ ਦੇ ਪ੍ਰਿੰਸੀਪਲ ਸਾਹਿਬ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ 'ਤੇ ਧੰਨਵਾਦ ਕੀਤਾ ਗਿਆ।

ਇਥੋਂ ਹੀ ਸਿਰਸਾ ਸ਼ਹਿਰ ਵਿਖੇ ਸ. ਮਹਿੰਦਰ ਸਿੰਘ ਨੇਤਾ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਿਥੇ ਉਹ ਆਪਣੇ ਸਪੁੱਤਰ ਰਛਪਾਲ ਸਿੰਘ ਕੋਲ ਰਹਿ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਪਿੰਡ ਦਾਦੂਵਾਲ ਜ਼ਿਲ੍ਹਾ ਸਿਰਸਾ ਵਿਖੇ ਬਾਬਾ ਬਲਜੀਤ ਸਿੰਘ ਦਾਦੂਵਾਲ ਦੀ ਮਾਤਾ ਬਲਬੀਰ ਕੌਰ ਦੇ ਚੜ੍ਹਾਈ ਕਰਨ ਤੇ ਬਾਬਾ ਦਾਦੂਵਾਲ ਜੀ ਨਾਲ ਅਫਸੋਸ ਪ੍ਰਗਟ ਕਰਨ ਲਈ ਉਨ੍ਹਾਂ ਦੇ ਡੇਰੇ ਦਾਦੂਵਾਲ ਵਿਖੇ ਪਹੁੰਚੇ ਅਤੇ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ। ਇਸ ਤੋਂ ਪਹਿਲਾਂ ਰਸਤੇ ਵਿੱਚ ਪਿੰਡ ਤਾਰੂਆਨਾ ਵਿਖੇ ਸ. ਆਸਾ ਸਿੰਘ ਸੇਵਕ ਦੇ ਸਹੁਰਾ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਇਥੋਂ ਹੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਰਵਾਨਗੀ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

.............................................

## ਫਤਿਹਗੜ੍ਹ ਸਾਹਿਬ ਵਿਖੇ ਸਾਹਿਬਜਾਦਿਆਂ ਦੀ ਯਾਦ ਵਿੱਚ ਮੇਲਾ

ਦਸ਼ਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦਿਆਂ ਅਤੇ ਪੂਜਨੀਕ ਮਾਤਾਂ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਹਰ ਸਾਲ ਦੀ ਤਰ੍ਹਾਂ ਸ੍ਰੀ ਫਤਿਹਗੜ੍ਹ ਸਾਹਿਬ ਦੀ ਧਰਤੀ ਤੇ ਸ਼ਹੀਦੀ ਜੋੜ ਮੇਲਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਨਾਮਧਾਰੀ ਧਰਮਸ਼ਾਲਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮਨਾਇਆ ਗਿਆ। ਮਿਤੀ 28 ਦਸੰਬਰ 2022 ਦਿਨ ਬੁੱਧਵਾਰ- ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਲੁਧਿਆਣਾ ਤੋਂ ਸ. ਗੁਰਸੇਵਕ ਸਿੰਘ ਦੀ ਅਗਵਾਈ ਵਿੱਚ ਸਥਾਨਕ ਜਥੇ ਦੇ ਨੋਜਵਾਨਾਂ ਵੱਲੋਂ ਕੀਤਾ ਗਿਆ। ਲੁਧਿਆਣਾ ਦੇ ਨੋਜਵਾਨਾਂ ਦੇ ਜਥੇ ਵੱਲੋਂ ਹੀ ਨਾਮਧਾਰੀ ਧਰਮਸ਼ਾਲਾ ਵਿਖੇ ਅੰਮ੍ਰਿਤ ਵੇਲੇ ਹਵਨ ਯੱਗ ਵੀ ਸ਼ਹੀਦਾਂ ਦੀ ਯਾਦ ਵਿੱਚ ਕੀਤੇ ਗਏ। ਦੀਵਾਨਾਂ ਦੀ ਅਰੰਭਤਾ ਕਰਦੇ ਹੋਏ ਜਥੇਦਾਰ ਨਿਰਮਲ ਸਿੰਘ ਭੋਇਵਾਲੀ ਅਤੇ ਜਥੇ. ਪਾਲਾ ਸਿੰਘ ਨੇ ਸ਼ਹੀਦਾਂ ਨੂੰ ਆਪਣੇ ਅੰਦਾਜ ਵਿੱਚ ਸ਼ਰਧਾਜਲੀ ਭੇਟ ਕੀਤੀ। ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵੱਲੋਂ ਬਹੁਤ ਹੀ ਸੰਖੇਪ ਵਿੱਚ ਇਸ ਪੂਰੇ ਸ਼ਹੀਦੀ ਸਾਕੇ ਨੂੰ ਸਾਧ ਸੰਗਤ ਦੇ ਰੂ-ਬ-ਰੂ ਪੇਸ਼ ਕੀਤਾ। ਨਾਮਧਾਰੀ ਪੰਥ ਦੀ ਪ੍ਰੰਪਰਾਗਤ ਸੈਲੀ ਹੱਲੇ ਦੇ ਦੀਵਾਨ ਦੇ ਰੂਪ ਵਿੱਚ ਕੀਤਾ ਗਿਆ ਕੀਰਤਨ ਇਕ ਯਾਦਗਾਰੀ ਅਤੇ ਪ੍ਰਭਾਵਸ਼ਾਲੀ ਦੀਵਾਨ ਸੀ। ਸ੍ਰੀ ਭੈਣੀ ਸਾਹਿਬ ਤੋਂ ਕਵੀਸ਼ਰ ਗੁਰਸੇਵਕ ਸਿੰਘ ਦੇ ਜਥੇ ਵੱਲੋਂ ਸ਼ਹੀਦੀ ਸਾਕੇ ਨੂੰ ਕਵੀਸ਼ਰੀ ਪ੍ਰਸੰਗ ਦੇ ਰੂਪ ਵਿੱਚ ਪੇਸ਼ ਕੀਤਾ। ਗਿਆਨੀ ਜੋਗਿੰਦਰ ਸਿੰਘ ਲੁਧਿਆਣਾ ਵੱਲੋਂ ਆਪਣੇ ਹੀ ਅੰਦਾਜ ਵਿੱਚ ਦੀਵਾਨ ਵਿੱਚ ਉੱਚੀ ਬਾਂਹ ਕਰਕੇ ਪੜੀ ਗਈ ਧਾਰਨਾ- 'ਪੱਤਿਓ ਰੋਲਾ ਨਾ ਪਾਇਓ ਮੇਰਾ ਮਹਿਮਾਨ ਸੁੱਤਾ ਹੈ।' ਮਾਛੀਵਾੜੇ ਦੇ ਜੰਗਲ ਦੀ ਯਾਦ ਨੂੰ ਤਾਜਾ ਕਰ ਗਿਆ। ਸੂਬਾ ਹਰਭਜਨ ਸਿੰਘ ਜੀ ਲੁਧਿਆਣਾ ਨੇ ਇਕ ਸੁਚੱਜੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਤਕਰੀਬਨ ਮੰਚ ਤੇ ਸ. ਧਿਆਨ ਸਿੰਘ ਲੁਧਿਆਣਾ, ਸੂਬਾ ਬਲਵਿੰਦਰ ਸਿੰਘ ਝੱਲ, ਸੇਵਕ ਹਰਪਾਲ ਸਿੰਘ ਅਤੇ ਸੰਤ ਨਿਸ਼ਾਨ ਸਿੰਘ ਕਥਾਵਾਚਕ ਨੂੰ ਮੰਚ ਤੇ ਪੇਸ਼ ਕੀਤਾ। ਸਭਨਾ ਆਪੋ-ਆਪਣੀ ਵਾਰੀ ਮੁਤਾਬਕ ਪੂਜਨੀਕ ਮਾਤਾ ਗੁਜਰੀ ਜੀ ਅਤੇ ਸਾਹਿਬਜਾਦਿਆਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ

ਕੀਤਾ। ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਮੁਤਾਬਿਕ ਮੇਲੇ ਦੀ ਸੇਵਾ ਸਵਰਗਵਾਸੀ ਸੰਤ ਸਦਾਗਰ ਸਿੰਘ ਜੀ ਅਤੇ ਮਾਤਾ ਸੰਪੂਰਨ ਕੌਰ ਦੇ ਸਮੁੱਚੇ ਪਰਿਵਾਰ ਵੱਲੋ ਕੀਤੀ ਗਈ। ਪਰਿਵਾਰ ਵੱਲੋਂ ਗਿਆਨੀ ਜੋਗਿੰਦਰ ਸਿੰਘ ਅਗਵਾਈ ਕਰ ਰਹੇ ਸਨ। ਇਲਾਕੇ ਦੇ ਸੂਬਾ ਸਵਿੰਦਰ ਸਿੰਘ ਡੇਰਾ ਮੀਰ ਮੀਰਾਂ ਦੀ ਅਗਵਾਈ ਵਿੱਚ ਇਲਾਕੇ ਦੀ ਸਾਧ ਸੰਗਤ ਅਤੇ ਨੌਜਵਾਨਾਂ ਦਾ ਜਥਾ ਸੇਵਾ ਵਿੱਚ ਹਾਜਰ ਸੀ। ਇਸ ਸਮੇਂ ਸੂਬਾ ਬਲਜੀਤ ਸਿੰਘ ਮਾਨਸਾ, ਸੂਬਾ ਹਰਭਜਨ ਸਿੰਘ ਲੁਧਿਆਣਾ, ਸ. ਗੁਰਮੁਖ ਸਿੰਘ ਰਹਿਬਰ, ਸੰਤ ਗੁਰਦਿਆਲ ਸਿੰਘ ਰਾਏਸਰ ਅਤੇ ਇਲਾਕੇ ਦੀ ਸਾਧ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸੀ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਰਾਜਪੁਰਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਜਦੋਂ ਵੀ ਸ੍ਰੀ ਭੈਣੀ ਸਾਹਿਬ ਦਰਸ਼ਨ ਦੇ ਰਹੇ ਹੁੰਦੇ ਹਨ ਤਾਂ ਸਾਧ ਸੰਗਤ ਵੱਲੋਂ ਕੀਤੀ ਗਈ ਅਰਜ਼ ਨੂੰ ਪ੍ਰਵਾਨ ਕਰਦੇ ਹੋਏ ਕਿਸੇ ਵੀ ਇਲਾਕੇ ਵਿਚ ਹੋਣ ਵਾਲੇ ਸਮਾਗਮ ਸਮੇਂ ਦਰਸ਼ਨ ਦੇ ਕੇ ਆਪਣੇ ਗੁਰਸਿੱਖਾਂ ਦਾ ਮਾਨ ਵਧਾਉਂਦੇ ਹਨ। ਅਜਿਹੇ ਹੀ ਸਮੇਂ ਸ. ਚਰਨਜੀਤ ਸਿੰਘ ਰਾਜਪੁਰੇ ਵਾਲਿਆਂ ਵੱਲੋਂ ਕੀਤੀ ਗਈ ਅਰਜ਼ ਨੂੰ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ **1 ਦਸੰਬਰ 2022** ਦਿਨ ਵੀਰਵਾਰ ਨੂੰ ਰਾਜਪੁਰਾ ਵਿਖੇ ਪਟਿਆਲਾ ਰੋੜ ਤੇ ਬਣਾਏ ਗਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਸਕੇਟਿੰਗ ਗਰਾਉਂਡ ਦਾ ਉਦਘਾਟਨ ਕਰਨ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਬਤੌਰ ਮੁੱਖ-ਮਹਿਮਾਨ ਇਸ ਸਮਾਗਮ ਸਮੇਂ ਮੰਚ ਤੇ ਬਿਰਾਜਮਾਨ ਸਨ। ਸ. ਚਰਨਜੀਤ ਸਿੰਘ ਵੱਲੋਂ ਕਰਵਾਏ ਗਏ ਇਸ ਸਕੇਟਿੰਗ ਗਰਾਊਂਡ ਦੇ ਕਾਰਜ ਦੇ ਸਭਨਾ ਵਲੋਂ ਸ਼ਲਾਘਾ ਕੀਤੀ ਗਈ। ਇਸ ਸਮਾਗਮ ਸਮੇਂ ਹਲਕੇ ਦੇ ਐਮ.ਐਲ.ਏ. ਬੀਬੀ ਮਿੱਤਲ ਅਤੇ ਨਗਰ ਕੌਸਲ ਦੇ ਮਜ਼ੂਦਾ ਪ੍ਰਧਾਨ ਸ੍ਰੀ ਨਰਿੰਦਰ ਸ਼ਾਸਤਰੀ ਜੀ ਅਤੇ ਸਾਬਕਾ ਪ੍ਰਧਾਨ ਸ੍ਰੀ ਪ੍ਰਵੀਨ ਛਾਬੜਾ ਵੀ ਹਾਜ਼ਰ ਸਨ। ਸ. ਚਰਨਜੀਤ ਸਿੰਘ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਭਨਾਂ ਨੂੰ ਲੋਈ ਅਤੇ ਮਾਲਾ ਭੇਟ ਕਰਕੇ ਸਨਮਾਨ ਕੀਤਾ। ਸ੍ਰੀ ਸਤਿਗੁਰੂ ਜੀ ਦਾ ਉਚੇਚੇ ਤੌਰ ਤੇ ਦਰਸ਼ਨ ਦੇਣ ਦਾ ਸ਼ੁਕਰਾਨਾ ਵੀ ਸ. ਚਰਨਜੀਤ ਸਿੰਘ ਜੀ ਵੱਲੋਂ ਕੀਤਾ ਗਿਆ। ਸਮਾਗਮ ਵਿੱਚ ਦਰਸ਼ਨ ਦੇਣ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਸ. ਚਰਨਜੀਤ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਵੀ ਕੀਤੀ। ਸਮਾਗਮ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਆਣ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਦੋ ਗੁਰੂ-ਪ੍ਰੰਪਰਾਵਾਂ ਦਾ ਸੰਗਮ

**20 ਦਿਸੰਬਰ 2022,** ਸ਼ਾਮ 5:30 ਵਜੇ, ਅਹਿਮਦਾਬਾਦ, ਗੁਜਰਾਤ ਵਿੱਚ ਨਵੇਂ ਸਿਰਜੇ ਹੋਏ, "ਪ੍ਰਮੁਖ ਸੁਵਾਮੀ ਨਗਰ" ਦੇ ਵੱਡੇ ਔਡੀਟੋਰੀਅਮ, "ਨਾਰਾਇਣੀ ਸਭਾਗਾਰ" ਦੇ ਮੰਚ ਤੋਂ ਸ੍ਰੀ ਸਤਿਗੁਰੂ ਉਦੇ ਸਿੰਘ ਸੱਚੇ ਪਾਤਸ਼ਾਹ ਜੀ ਦੀ ਦਿਲਕਸ਼ ਆਵਾਜ, ਮਨੁੱਖ ਮਾਤਰ ਦੀ ਏਕਤਾ, ਸਦਭਾਵਨਾ ਅਤੇ ਸਾਂਝੀਵਾਲਤਾ ਲਈ ਵਿਸ਼ਵ ਦੀਆਂ ਸਾਰੀਆਂ ਧਰਮ ਸੰਪਰਦਾਵਾਂ, ਸਮਾਜ ਸੇਵੀ ਸੰਸਥਾਵਾਂ ਅਤੇ ਸਿਆਸੀ ਸੰਗਠਨਾਂ, ਆਪਸੀ ਸੰਵਾਦ ਰਾਹੀਂ, ਸਮਾਜਿਕ ਸਮਰਸਤਾ ਅਤੇ ਸਮਝਦਾਰੀ ਸਥਾਪਤੀ ਕਰਕੇ, ਸੰਸਾਰ ਵਿੱਚ ਸ਼ਾਂਤੀ ਅਤੇ ਪ੍ਰੇਮ ਦਾ ਨਵਾਂ ਯੁਗ ਸਿਰਜਨ ਦਾ ਸੰਦੇਸ਼ ਪ੍ਰਸਾਰਣ ਕਰਿ ਰਹੇ ਸਨ.. ਸਭਾਗਾਰ ਬਾਰ-ਬਾਰ ਸ੍ਰੋਤਿਆਂ ਦੀਆਂ ਤਾੜੀਆਂ ਨਾਲ ਗੁੰਜਾਇਮਾਨ ਹੋ ਰਿਹਾ ਸੀ, ਤਾਂ ਸ਼੍ਰੋਤਿਆਂ ਦੀ ਪਹਿਲੀ ਪਾਂਤ ਵਿੱਚ ਬੈਠੇ ਹੋਏ, ਮੇਰੇ ਨਾਲ ਸੂਬਾ ਬਲਵਿੰਦਰ ਸਿੰਘ ਝੱਲ, ਆਸਾ ਸਿੰਘ ਸੇਵਕ ਇੰਗਲੈਂਡ ਤੋਂ ਆਏ ਹਰਵਿੰਦਰ ਸਿੰਘ ਸਿਆਣ ਜੀ, ਬੰਗਲੌਰ ਤੋਂ ਪਾਤਸ਼ਾਹ ਜੀ ਦੇ ਨਾਲ ਆਏ ਸੂਬਾ ਅਮਰੀਕ ਸਿੰਘ ਅਤੇ ਹੋਰ ਨਾਮਧਾਰੀ ਸੰਗਤ, ਮੰਤਰਮੁਗਧ ਹੋਈ, ਹਰਖ ਅਤੇ ਗਰਵ ਨਾਲ ਵਿਭੋਰ ਹੋ ਰਹੀ ਸੀ। ਮੇਰੀ ਕਲਪਨਾ ਵਿੱਚ ਨਵੰਬਰ 1978 ਨੂੰ ਥਾਈਲੈਂਡ ਵਿਖੇ ਡਾ. ਸੁਚਾਟ ਨੇ ਸ਼ਾਤੀ ਮੰਦਰ ਦਾ ਨੀਂਹ ਪੱਥਰ ਰੱਖਣ ਸਮੇਂ, 22 ਦੇਸ਼ਾਂ ਦੇ ਧਾਰਮਿਕ ਮੁਖੀ ਸੱਦੇ ਸਨ, ਉਹ ਸਾਰੇ ਹੀ ਆਪੋ-ਆਪਣੇ ਦੇਸ਼ ਦੀ ਮਿੱਟੀ ਨਾਲ ਲੈ ਕੇ ਆਏ ਸਨ ਜੋ ਨੀਂਹ ਵਿੱਚ ਪਾਈ ਗਈ। 32 ਦੇਸ਼ਾਂ ਦੇ ਰਾਸ਼ਟਰੀ ਝੰਡੇ ਝੁਲਾਏ ਗਏ। ਉਦੋਂ ਸਾਰੇ ਭਾਰਤ ਵਾਸੀਆਂ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ, ਜਦ ਇਸ ਮੰਦਰ ਦਾ ਨੀਂਹ ਪੱਥਰ, ਸ੍ਰੀ ਸਤਿਗੁਰੂ ਜਗਜੀਤ ਸਿੰਘ

ਜੀ ਦੇ ਕਰ ਕਮਲਾਂ ਦੁਆਰਾ ਰਖਵਾਇਆ ਗਿਆ ਅਤੇ ਸਤਿਗੁਰੂ ਜੀ ਦਾ ਸ਼ਾਂਤੀ ਸੰਦੇਸ਼ ਸਾਰੀ ਦੁਨੀਆਂ ਵਿੱਚ ਸੰਚਾਰਨ ਹੋਇਆ।

"ਸਵਾਮੀ ਨਾਰਾਇਣ" ਗੁਰੂ ਪ੍ਰੰਪਰਾ, ਸੰਨ 1781 ਨੂੰ ਅਯੋਧਿਆ ਜਿਲਾ, ਗੋਂਡਾ ਜਨਪਦ ਦੇ ਡਿਪਈਆ ਪਿੰਡ ਵਿੱਚ ਜਨਮ ਲੈ ਕੇ ਜਗ ਵਿੱਚ ਪ੍ਰੇਮ ਅਤੇ ਦਇਆ ਦਾ ਭਾਵ ਸੰਚਾਰ ਕਰਨ ਵਾਲੇ, ਸ੍ਰੀ ਸਵਾਮੀ ਨਾਰਾਇਣ ਤੋਂ ਆਰੰਭ ਹੋਈ। ਸੰਨ 1830 ਵਿੱਚ ਸਵਾਮੀ ਨਾਰਾਇਣ ਦੇ ਚੋਲਾ ਤਿਆਗ ਤੋਂ ਬਾਅਦ, ਸਵਾਮੀ ਗੁਣਅਤੀਤਾਨੰਦ ਜੀ ਗੁਰਤਾ ਗੱਦੀ ਤੇ ਸੁਸ਼ੋਭਤ ਹੋਏ। ਫਿਰ ਸਵਾਮੀ ਸ਼ਾਸ਼ਤ੍ਰੀ ਜੀ ਸ੍ਰੀ ਯੋਗੀ ਸਵਾਮੀ ਜੀ ਅਤੇ ਫਿਰ ਸਨ 1971 ਤੋਂ ਲੈ ਕੇ ਸਨ 2016 ਤੱਕ ਸ੍ਰੀ ਪ੍ਰਮੁਖ ਸਵਾਮੀ ਜੀ ਗੱਦੀ ਤੇ ਬਿਰਾਜਮਾਨ ਰਹੇ। ਅਖਛਰਧਾਮ ਮੰਦਰਾਂ ਦੀ ਉਸਾਰੀ ਸਵਾਮੀ ਨਾਰਾਇਣ ਗੁਰੂ ਪ੍ਰੰਪਰਾ ਦਾ ਪ੍ਰਚਾਰ-ਪ੍ਰਸਾਰ ਇਨ੍ਹਾਂ ਵੇਲੇ ਬਹੁਤ ਜੋਰਾਂ ਨਾਲ ਹੋਇਆ। ਅੱਜ ਦੁਨੀਆਂ ਵਿੱਚ ਇਕ ਹਜ਼ਾਰ, ਅਖਛਰਧਾਮ ਮੰਦਰਾਂ ਦੀ ਲੜੀ ਦਾ ਸ਼੍ਰੇਯ, ਪ੍ਰਮੁੱਖ ਸੁਵਾਮੀ ਜੀ ਨੂੰ ਹੀ ਜਾਂਦਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਲੰਦਨ ਵਿਖੇ ਪ੍ਰਮੁਖ ਸਵਾਮੀ ਜੀ ਦੋ ਵਾਰ ਉਚੇਚ ਕਰ ਕੇ ਮਿਲੇ। ਦੋ ਗੁਰੂ ਪ੍ਰੰਪਰਾਵਾਂ ਦਾ ਮਿਲਣ ਉਦੋਂ ਹੋਇਆ। ਅਗਸਤ 2016 ਨੂੰ ਪ੍ਰਮੁਖ ਸਵਾਮੀ ਜੀ ਨੇ ਚੋਲਾ ਤਿਆਗਿਆ ਤਾਂ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨੇ ਸਸਕਾਰ ਵੇਲੇ ਸ਼ੋਕ ਸੰਦੇਸ਼ ਦੇ ਕੇ ਸੂਬਾ ਬਲਵਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਪੰਜ ਸਰੀਰਾਂ ਨੂੰ, ਸ੍ਰੀ ਭੈਣੀ ਸਾਹਿਬ ਤੋਂ ਸਾਰੰਗਪੁਰ (ਅਹਿਮਦਾਬਾਦ ਤੋਂ 160 ਕਿ.ਮੀ ਦੂਰ) ਭੇਜਿਆ ਅਗਸਤ 2016 ਵਿੱਚ ਹੀ, ਵਰਤਮਾਨ ਗੁਰੂ ਸ੍ਰੀ ਮਹੰਤ ਸਵਾਮੀ ਪ੍ਰਤੀ ਸ਼ੁਭ ਕਾਮਨਾ ਸੰਦੇਸ਼ ਭੀ ਭੇਜਿਆ।

ਹੁਣ ਸਮਾ ਸੀ, ਸ੍ਰੀ ਪ੍ਰਮੁਖ ਸਵਾਮੀ ਸ਼ਤਾਬਦੀ ਸਮਾਰੋਹ, ਜੋ ਦਸੰਬਰ 2021 ਤੋਂ ਚਲ ਰਿਹਾ ਹੈ। ਉਸੇ ਸਿਲਸਿਲੇ ਵਿੱਚ ਅਹਿਮਦਾਬਾਦ, 600 ਏਕੜ ਵਿੱਚ ਨਵ ਸਿਰਜਤ, ਪ੍ਰਮੁਖ ਸਵਾਮੀ ਨਗਰ ਵਿੱਚ ਅੱਜ 'ਡੇ ਆਫ ਸੋਲੀਡਰਿਟੀ' ਏਕਤਾ ਦਿਵਸ ਦਾ ਆਯੋਜਨ ਕੀਤਾ ਗਿਆ ਸੀ। ਦੁਨੀਆਂ ਦੇ ਵੱਖ-ਵੱਖ ਮੁਲਕਾਂ, ਧਰਮਾਂ ਅਤੇ ਸਮਾਜਿਕ ਸੰਸਥਾਵਾਂ ਦੇ ਮੁਖੀ ਇਥੇ ਇਕੱਤਰ ਹੋਏ ਸਨ। 15 ਦਸੰਬਰ 2022 ਨੂੰ ਪ੍ਰਧਾਨ ਮੰਤਰੀ, ਸ੍ਰੀ ਨਰੇਂਦਰ ਮੋਦੀ ਹੱਥੋਂ ਹੋਏ ਉਦਘਾਟਨ ਤੋਂ ਆਰੰਭ ਹੋ ਕੇ 15 ਜਨਵਰੀ 2023 ਤੱਕ ਇਕ ਮਹੀਨਾ ਇਸ ਸੰਦਰਭ ਵਿੱਚ ਕਾਰਜਕ੍ਰਮ ਚੱਲ ਰਹੇ ਸਨ।

ਤਕਰੀਬਨ ਤਿੰਨ ਮਹੀਨੇ ਪਹਿਲਾਂ ਸ੍ਰੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ, ਦਿੱਲੀ ਅਖਛਰਧਾਮ ਮੰਦਰ ਤੇ ਸੰਚਾਲਕ-ਨਿਰਦੇਸ਼ਕ ਸ੍ਰੀ ਸਾਧੂ ਮੁਨੀ ਸਵਾਮੀ ਜੀ ਅਤੇ ਸ੍ਰੀ ਆਤਮ ਸਰੂਪ ਸਵਾਮੀ ਜੀ ਆਪਣੇ ਗੁਰੂ ਸ੍ਰੀ ਮਹੰਤ ਸਵਾਮੀ ਜੀ ਹੱਥੋਂ ਵਿਸ਼ੇਸ਼ ਸੱਦਾ ਪੱਤਰ ਲੈ ਕੇ, ਸ੍ਰੀ ਭੈਣੀ ਸਾਹਿਬ ਸਤਿਗੁਰ ਸੱਚੇ ਪਾਤਸ਼ਾਹ ਜੀ ਹਜ਼ੂਰ, ਨਿਮਰਤਾ ਸਹਿਤ, ਸਮਾਰੋਹ ਵਿੱਚ ਸ਼ੋਭਾ ਵਧਾਉਣ ਦੀ ਬੇਨਤੀ ਕੀਤੀ। ਸਤਿਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਸੂਬਾ ਬਲਵਿੰਦਰ ਸਿੰਘ ਝੱਲ ਹਜ਼ੂਰੀ ਸੇਵਕ ਸੰਤ ਆਸਾ ਸਿੰਘ ਜੀ ਅਤੇ ਚੰਡੀਗੜ੍ਹ ਤੋਂ ਦਾਸ ਹਵਾਈ ਜਹਾਜ ਰਾਹੀਂ ਚੰਡੀਗੜ੍ਹ ਤੋਂ ਚਲਕੇ ਬਾਦ ਦੁਪਹਿਰ 2 ਵਜੇ ਅਹਿਮਦਾਬਾਦ ਪਹੁੰਚੇ। ਅੱਗੋਂ ਅਹਿਮਦਾਬਾਦ ਨਿਵਾਸੀ ਸੰਤ ਗੁਰਨਾਮ ਸਿੰਘ, ਨਵਸਾਰੀ ਤੋਂ ਸੰਤ ਚਰਨਜੀਤ ਸਿੰਘ ਹੁਰੀ ਹਵਾਈ ਅੱਡੇ ਸਾਨੂੰ ਲੈਣ ਲਈ ਆਏ ਹੋਏ ਸੀ। ਹੁਕਮ ਸਤਿਗੁਰੂ ਜੀ ਦਾ ਆਇਆ ਸੀ, ਸਿੱਧਿਆਂ ਇਕ ਨੰਬਰ ਗੇਟ ਤੇ ਪੁੱਜੋ। ਉਥੇ ਸਫ਼ੇਦ ਵਸਤਰਾਂ ਵਿੱਚ ਹੰਸਾਂ ਦੀਆਂ ਡਾਰਾਂ ਉਡੀਕ ਵਿੱਚ ਸਨ। ਡੇਰੇ ਵਲੋਂ ਸ੍ਰੀ ਸਤਿਗੁਰੂ ਜੀ ਦੀ ਗੱਡੀ ਨੂੰ ਏਮਕੋਰਟ ਕਰਦੀਆਂ ਗੱਡੀਆਂ ਦਾ ਕਾਫਲਾ ਲੰਘਿਆ। ਸਤਿਗੁਰੂ ਜੀ ਦੀ ਗੱਡੀ ਮਗਰੇ ਸਾਡੀਆਂ ਗੱਡੀਆਂ ਵੀ ਲੱਗ ਗਈਆਂ। ਗੇਟ ਤੇ ਗੱਡੀਆਂ ਤੋਂ ਉਤਰ ਵਿਸ਼ੇਸ਼ ਤਿਆਰ ਕਲੱਬ ਕਾਰਾਂ ਪਹਿਲੀ ਵਿੱਚ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਪਿਛਲੀ ਸੀਟਾਂ ਤੇ ਸੰਸਥਾ ਵੱਲੋਂ ਤਿੰਨ ਮੁਖੀ ਸਵਾਮੀ ਜੀ ਅਤੇ ਸੂਬਾ ਬਲਵਿੰਦਰ ਸਿੰਘ ਝੱਲ ਬੈਠੇ। ਉਸ ਤੋਂ ਪਿਛਲੀ ਕਲੱਬ ਕਾਰ ਵਿੱਚ ਦਾਸ, ਆਸਾ ਸਿੰਘ ਸੇਵਕ ਅਤੇ ਸੂਬਾ ਅਮਰੀਕ ਸਿੰਘ ਜੀ ਬੈਠੇ। ਗੱਡੀਆਂ ਦੇ ਅੱਗੇ 101 ਬੈਂਡ ਵਾਜੇ ਵਾਲਿਆਂ ਦਾ ਜੱਥਾ ਸੜਕ ਦੇ ਦੁਹਾਂ ਪਾਸਿਉਂ ਸੁਵਾਗਤੀ ਧੁੰਨੀ ਵਜਾਉਂਦੇ ਹੌਲੀ-ਹੌਲੀ ਚਲ ਰਹੇ ਸਨ। ਮਗਰੇ ਕਲੱਬ ਕਾਰਾਂ ਦਾ ਕਾਫਲਾ ਸੰਤ ਦੁਵਾਰ ਤੋਂ ਪ੍ਰਵੇਸ਼ ਕਰਦਿਆਂ ਸਾਹਮਣੇ 45 ਫੁੱਟੀ ਸ੍ਰੀ ਪ੍ਰਮੁਖ ਸਵਾਮੀ ਜੀ ਦੀ ਸੋਨ ਰੰਗੀ ਮੂਰਤੀ ਨਾਲ ਸਾਡਾ ਪ੍ਰਿਚੈ ਕਰਵਾਇਆ ਗਿਆ। ਫਿਰ ਮਾਲਾ ਫੜਿਆ ਹੋਇਆ, 18 ਫੁੱਟ ਦਾ ਸੁਨਹਿਰਾ ਹੱਥ, ਸਾਨੂੰ ਦੱਸਿਆ ਕਿ ਇਹ ਹੱਥ, ਪ੍ਰਮੁਖ ਸਵਾਮੀ ਜੀ ਦੇ ਸਾਸ ਗਿਰਾਸ ਚਲਦੇ ਹੋਏ ਪ੍ਰਭੂ ਸਿਮਰਨ ਦਾ ਬਿੰਬ ਹੈ। ਕਲੱਬ ਕਾਰ ਅੱਗੇ ਤੁਰੀਆਂ। 67 ਫੁੱਟ ਉੱਚਾ, ਅਖਛਰਧਾਮ ਮੰਦਰ, ਦਿੱਲੀ ਦਾ ਮਾਡਲ ਸੁਸ਼ੋਭਤ ਹੋ ਰਿਹਾ ਸੀ। ਹੋਰ ਅੱਗੇ 25 ਸਤੰਬਰ ਸਨ 2002 ਨੂੰ ਅਖਛਰਧਾਮ ਮੰਦਰ, ਅਹਿਮਦਾਬਾਦ ਤੇ ਹੋਏ ਅਤਿਵਾਦੀ ਹਮਲੇ ਦੇ ਸੰਸਮ੍ਰਿਤੀ ਚਿਹਨ ਅਤੇ ਉਸੇ ਰਾਤ ਹਰ ਇਕ ਘੰਟੇ ਤੇ ਸ੍ਰੀ

ਪ੍ਰਮੁਖ ਸਵਾਮੀ ਜੀ ਦੇ ਹੁਕਮਨਾਮੇ, ਧੀਰਜ, ਸ਼ਾਂਤੀ ਤੇ ਸਬਰ ਦਿੰਦੇ ਸੰਦੇਸ਼ ਹੈ ਸਨ। ਕਾਰਾਂ ਅੱਗੇ ਵਧੀਆਂ ਬੱਚਿਆਂ ਦੇ ਮਨੋਰੰਜਨ ਅਤੇ ਗਿਆਨ ਲਈ ਬੱਚਿਆਂ ਦੁਆਰਾ ਨਿਰਮਿਤ ਬਾਲ ਨਗਰੀ ਹੈ ਸੀ। ਵੱਖ-ਵੱਖ ਮੂਰਤਾਂ, ਬਿੰਬਾਂ ਰਾਹੀ, ਮਾਤਾ-ਪਿਤਾ ਦੀ ਸੇਵਾ, ਸਮਾਜ ਦੀ ਸੁਰਖਿਆ ਅਤੇ ਸਫ਼ਾਈ, ਧਰਮ ਪ੍ਰਤੀ ਦ੍ਰਿੜਤਾ ਦਿੰਦੇ ਸੰਦੇਸ਼ਾਂ ਨੂੰ ਲੰਘ 'ਹਾਊਸ-ਆਫ ਵਰਸ਼ਿਪ' ਧਿਆਨ ਕੇਂਦਰ ਅਤੇ ਹੋਰ ਝਾਂਕੀਆਂ ਦੇ ਰੂ-ਬ-ਰੂ ਹੁੰਦਿਆਂ 4:15 ਤੇ ਆਡੀਟੋਰੀਅਮ ਵਿੱਚ ਪ੍ਰਵੇਸ਼ ਕੀਤਾ। ਪਹਿਲੀ ਪਾਂਤ ਦੇ ਸੋਫਿਆਂ ਤੇ ਸ੍ਰੀ ਸਤਿਗੁਰੂ ਜੀ ਨੂੰ ਸਤਿਕਾਰ ਸਹਿਤ ਬਿਠਾ ਕੇ ਆਗਿਆ ਲੈ ਕੇ ਤਿੰਨ ਸਵਾਮੀ ਜੀ ਬਿਰਾਜਮਾਨ ਹੋਏ। ਪਿਛਲੀਆਂ ਸੀਟਾਂ ਤੇ ਅਸੀਂ ਅਤੇ ਹੋਰ ਪਿਛੇ ਸਥਾਨਕ ਸੰਗਤ ਉਨ੍ਹਾਂ ਤੋਂ ਪਿਛੇ ਨਗਰ ਨਿਵਾਸੀ ਅਤੇ ਹੋਰ ਦਰਸ਼ਕ ਬੈਠੇ। ਤਕਰੀਬਨ 30 ਮਿੰਟ ਦੇ ਚਲਚਿੱਤਰ ਰਾਹੀਂ ਸ੍ਰੀ ਪ੍ਰਮੁਖ ਸਵਾਮੀ ਜੀ ਦਾ ਜੀਵਨ ਚਰਚਿਤ, ਜੀਆਂ ਪ੍ਰਤੀ ਦਇਆ ਅਤੇ ਸੇਵਾ ਪ੍ਰੇਮ ਅਤੇ ਸਦਭਾਵਨਾ ਦਰਸਾਉਂਦਾ ਵੱਖ-ਵੱਖ ਪ੍ਰਸੰਗ ਭਰੇ ਦ੍ਰਿਸ਼ ਵਿਖਾਏ ਗਏ।

ਸ਼ਾਮ ਠੀਕ 5 ਵਜੇ ਵਿਸ਼ੇਸ਼ ਆਯੋਜਨ ਹਾਲ 'ਨਾਰਾਇਣੀ ਸਭਾਗਾਰ' ਵਿੱਚ ਸ੍ਰੀ ਸਤਿਗੁਰੂ ਜੀ ਨੂੰ ਵਿਸ਼ੇਸ਼ ਸਤਿਕਾਰ ਨਾਲ ਗੇਰੂਆ ਵਸਤ੍ਰਸਾਰੀ, ਸਾਧੂ ਮੰਡਲੀ, ਮੰਚ ਤੇ ਵਰਤਮਾਨ ਮੁਖੀ ਸ੍ਰੀ ਮਹੰਤ ਸਵਾਮੀ ਜੀ ਦੇ ਨਾਲ ਵਿਸ਼ੇਸ਼ ਆਮੰਤਰਿਤ ਵੱਜੋਂ ਬਿਠਾਇਆ। ਸਤਿਗੁਰੂ ਜੀ ਦਾ ਨਿਜੀ ਆਸਨ ਪਹਿਲਾਂ ਤੋਂ ਸਜਿਆ ਹੋਇਆ ਸੀ। ਇਹ ਵਿਸ਼ਵ ਪੱਧਰ ਦਾ ਸੰਮੇਲਨ ਸੀ। ਉਹ ਦਿਨ 20 ਦਸੰਬਰ 2022 'ਡੇ ਆਫ ਸੋਲੀਡਰਿਟੀ' ਏਕਤਾ ਅਤੇ ਸਦਭਾਵਨਾ ਦਿਵਸ ਦੇ ਰੂਪ ਵਿੱਚ ਮਨਾਇਆ ਜਾ ਰਿਹਾ ਸੀ। ਵੱਖ-ਵੱਖ ਧਰਮ-ਮੁਖੀ ਅਤੇ ਰਾਸ਼ਟਰ ਪ੍ਰਤੀਨਿਧੀ ਮੰਚ ਤੇ ਬਿਰਾਜਮਾਨ ਹੈ ਸਨ। ਸਵਾਮੀ ਨਾਰਾਇਣ ਸੰਸਥਾ ਦੇ ਪ੍ਰਭਾਆਕਾਰੀ ਪ੍ਰਵਕਤਾ, ਸ੍ਰੀ ਬ੍ਰਹਮ ਸਵਾਮੀ ਨੇ ਬਹੁਤ ਨਿਰਮਾਣ ਅਤੇ ਪ੍ਰਭਾਅਕਾਰੀ ਸ਼ਬਦਾਂ ਰਾਹੀਂ ਉਪਸਥਿਤ, ਧਰਮ ਪ੍ਰਮੁਖ ਗੁਰੂਆਂ, ਸੰਤ ਜਨਾਂ ਅਤੇ ਭਿੰਨ-ਭਿੰਨ ਮੁਲਕਾਂ ਦੇ ਨੁਮਾਇਦਿਆਂ ਦਾ ਸਤਿਕਾਰ ਕਰਦਿਆਂ ਵੱਖ-ਵੱਖ ਧਰਮਾਂ, ਸੰਪਰਦਾਵਾਂ, ਦੇਸ਼ਾਂ ਦੇ ਸਭਿਆਚਾਰ ਅਤੇ ਵਿਚਾਰਾਂ ਦੇ ਮਿਲਨ ਨੂੰ 'ਪੁਜਾਰੀ' ਦੀ ਓਪਮਾ ਦਿੱਤੀ ਜਿਥੇ ਗੰਗਾ, ਯਮੁਨਾ ਅਤੇ ਸਰਸਵਤੀ ਦਾ ਸੁਮੇਲ ਹੋਇਆ।

ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ, ਸ੍ਰੀ ਬਾਬਾ ਜੈਨ ਥਾਈਲੈਂਡ ਰਾਜਾ ਦੇ ਪ੍ਰਤੀ ਨਿਧੀ, ਲੱਦਾਖ ਤੋਂ ਬੋਧ ਲਾਮਾ, ਸ਼ਿਆ ਮੁਸਲਿਮ ਸਮਾਜ ਦੇ 53 ਵੇਂ ਗੁਰੂ 'ਮੁਹੰਮਦ ਸਾਦਿਕ, ਬੋਹਰਾ ਸਮਾਜ ਦੇ ਮੁਖੀ ਸ੍ਰੀ ਜਮਾਲ ਉਦੀਨ ਸਾਹਿਬ ਜੈਨ ਸਮਾਜ ਦੇ ਪ੍ਰਮੁਖ ਵਿਦਵਾਨ 'ਸ੍ਰੀ ਲੋਕੇਸ਼ ਮੁਨੀ' ਯਹੂਦੀ ਸਮਾਜ ਦੇ ਪ੍ਰਮੁੱਖ ਪ੍ਰਵਕਤਾ ਦਾ ਸੰਸਾਰਨੂੰ ਸੁਨੇਹਾ-

ਆਉ ਮਿਲਕਰ ਬੈਠੇਂ, ਕੁਛ ਬਾਤ ਕਰੇਂ,
ਖੁਦ ਸੇ ਖੁਦ ਕੀ-ਮੁਲਾਕਾਤ ਕਰੇਂ।

ਸ੍ਰੋਤਿਆਂ ਨੂੰ ਪ੍ਰਭਾਵਤ ਕਰ ਗਿਆ। ਇੰਡੋਨੇਸ਼ੀਆ ਤੋਂ ਰੋਮਨ ਕੈਥਲਿਕ ਆਰਚ ਬਿਸ਼ਪ ਮੰਚ ਉਪਸਥਿਤ ਸਨ। ਔਰ ਫਿਰ ਜਦੋਂ ਮੰਚ ਸੰਚਾਲਕ ਸ੍ਰੀ ਬ੍ਰਹਮ ਸਵਾਮੀ ਨੇ ਨਾਮਧਾਰੀ ਸਿੱਖ ਸਮਾਜ ਦੇ ਵਰਤਮਾਨ ਧਰਮ ਗੁਰੂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਭਾ ਕਾ ਸੰਬੋਧਨ ਕਰੇਂਗੇ। ਸਭਾ, ਤਾੜੀਆਂ ਨਾਲ ਗੂੰਜ ਉਠਿਆ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਆਪਣੇ ਚਿਰ ਪ੍ਰਿਚਤ ਸਹਜ ਅੰਦਾਜ ਵਿੱਚ ਗੁਰੂਆਂ-ਭਗਤਾਂ ਦੇ ਸੰਦੇਸ਼ "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ" ਦਾ ਮੰਤਰ ਦਿੱਤਾ। ਗੁਰਬਾਣੀ ਰਾਹੀ ਭਗਤ ਫਰੀਦ ਜੀ ਦਾ ਸੰਦੇਸ਼- ਖਾਲਿਕ ਖਲਕ, ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ ਦੀ ਵਿਆਖਿਆ ਕੀਤੀ ਤਾਂ ਸਭਾਗਾਰ ਵਾਰ-ਵਾਰ, ਹਰਸ਼ ਭਰੀਆਂ ਤਾੜੀਆਂ ਨਾਲ ਗੂੰਜ ਉਠਦਾ।

ਮਗਰੋਂ ਜਨਾਬ ਜਮਾਨ ਉਦੀਨ ਸਾਹਿਬ, ਬੋਹਰਾ ਸਮਾਜ ਮੁਖੀ ਅਤੇ ਲਦਾਖ ਤੋਂ ਪਧਾਰੇ ਬੋਧ ਲਾਮਾ ਦੇ ਸ਼ਾਂਤੀ ਸੰਦੇਸ਼ ਤੋਂ ਬਾਦ ਸਟੇਜ ਸਕੱਤਰ ਨੇ ਮਾਈਕ ਤੇ ਸੂਚਨਾ ਦਿੱਤੀ, ਨਾਮਧਾਰੀ ਸਿੱਖ ਸਮਾਜ ਪ੍ਰਮੁਖ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਫਲਾਈਟ ਬੈਂਗਲੌਰ ਦੇ ਲਈ ਸਮਾਂ ਹੋ ਚੁੱਕਾ ਹੈ.. ਅਬ ਵੋਹ ਪ੍ਰਸਥਾਨ ਕਰੇਂਗੇ। ਸ੍ਰੀ ਸਤਿਗੁਰੂ ਜੀ ਸ੍ਰੋਤਿਆਂ ਦਾ, ਸ੍ਰੀ ਮਹੰਤ ਸਵਾਮੀ ਜੀ ਦਾ ਮੰਚ ਆਸੀਮ ਧਰਮ ਮੁਖੀਆਂ ਮੌਜਿਜ ਸਖਸ਼ੀਅਤਾਂ ਦਾ ਅਭਿਵਾਦਨ ਆਦਾਨ-ਪ੍ਰਦਾਨ ਕਰ ਟੁਰੇ ਤਾਂ ਅਸੀਂ ਭੀ ਉੱਠ ਖਲੋਤੇ। ਬਹਾਰ ਤੱਕ ਸੰਸਥਾ ਦੇ ਮੁਖ ਸਵਾਮੀ ਵਾਰ-ਵਾਰ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਮਾਇਆ ਭਰੇ ਦੋ ਲਿਫਾਫ਼ੇ ਸਤਿਗੁਰੂ ਜੀ ਨੂੰ ਗੁਰੂ ਮਹੰਤ ਸਵਾਮੀ ਜੀ ਵੱਲੋਂ ਭੇਟ ਕਰਨ ਲੱਗੇ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਨਿਮਰਤਾ ਸਹਿਤ, ਇਹ ਇਥੇ ਹੀ ਕਿਸੇ ਕਾਜ ਲਾ ਦਿਉ ਕਹਿ ਕੇ ਸਨਿਮਰ ਇਹ ਇਥੇ ਹੀ ਕਿਸੇ ਕਾਰਜ ਲਾ ਦਿਉ ਕਹਿ ਕੇ ਸਨਿਮਰ ਮੋੜ ਦਿੱਤੇ। ਸਤਿਗੁਰੂ ਜੀ ਏਅਰਪੋਰਟ ਲਈ ਪ੍ਰਸਥਾਨ ਕੀਤਾ, ਅਸੀਂ ਵੀ ਆਪਣੇ ਨਿਵਾਸ ਵੱਲ ਤੁਰ ਪਏ।

**ਗੁਰੂਬਚਨ ਸਿੰਘ ਨਾਮਧਾਰੀ**

## ਸੰਤ ਸਿੰਗਾਰ ਸਿੰਘ ਨਹੀਂ ਰਹੇ

ਸ੍ਰੀ ਸਤਿਗੁਰੂ ਜੀ ਦੇ ਅਨਿੰਨ ਸਿੱਖ ਸੰਤ ਸ਼ਿੰਗਾਰਾ ਸਿੰਘ 13 **ਦਿਸੰਬਰ 2022** ਨੂੰ ਸਰੀਰ ਤਿਆਗ ਗਏ। ਉਹਨਾਂ ਨਮਿਤ ਅੰਤਿਮ ਅਰਦਾਸ ਤੇ ਭੋਗ ਸਮਾਗਮ 21 ਦਿਸੰਬਰ ਨੂੰ ਉਹਨਾਂ ਦੀ ਹੀ ਰਿਹਾਇਸ਼ ਪਿੰਡ ਅਟਕੋਨਾ ਸਲਾਰਪੁਰ, ਮਲਕ ਫਾਰਮ (ਯੂ.ਪੀ) ਵਿਖੇ ਹੋਇਆ। ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ। ਪ੍ਰਾਪਤ ਜਾਣਕਾਰੀ ਅਨੁਸਾਰ "1944 'ਚ ਪਿਤਾ ਸੰਤ ਭਾਗ ਸਿੰਘ ਤੇ ਮਾਤਾ ਤੇਜ ਕੌਰ ਘਰ ਜਨਮ ਹੋਇਆ। ਪਿਛਲਾ ਪਿੰਡ ਬਾਜੇ ਕਾਂ ਜਿਲਾ ਸਿਰਸਾ ਸੀ। 1994 ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਲਕ ਫਾਰਮ ਗੁਰਦਵਾਰੇ ਅਖੰਡ ਵਰਨੀ ਦੀ ਸੇਵਾ ਸੰਤ ਜੀ ਨੂੰ ਬਖਸ਼ੀ ਜੋ ਉਹਨਾਂ ਨੇ 2012 ਤਕ ਨਿਭਾਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸ੍ਰੀ ਸਤਿਗੁਰੂ ਜਗਜੀਤ ਸਿੰਘ



ਜੀ ਤੇ ਹੁਣ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਨਾਲ ਅਥਾਹ ਸ਼ਰਧਾ ਪਿਆਰ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਤੋਂ ਬਾਅਦ ਮਨ ਚ ਦੁਚਿੱਤੀ ਪੈਦਾ ਹੋਈ। ਹਜ਼ੂਰ ਸਤਿਗੁਰੂ ਜੀ ਦੀ ਹਜ਼ੂਰੀ 'ਚ ਇਲਾਹਾਬਾਦ ਸਮਾਗਮ ਸੀ ਸੰਤ ਜੀ ਵੀ ਮੱਥਾ ਟੇਕ ਪਿੱਛੇ ਜਾਕੇ ਕੁਰਸੀ ਤੇ ਬੈਠ ਗਏ ਭਾਵਨਾ ਸੀ ਕਿ ਸਤਿਗੁਰੂ ਜੀ ਮੇਰੇ ਵੱਲ ਨਿਗਾਹ ਭਰ ਕੇ ਵੇਖਣ। ਬਾਰ ਬਾਰ ਸਤਿਗੁਰੂ ਜੀ ਵੱਲ ਵੇਖਣ ਕਿ ਸ਼ਾਇਦ ਹੁਣ ਵੀ ਮੇਰੇ ਵੱਲ ਸਤਿਗੁਰੂ ਜੀ ਨੇਤਰਾਂ ਰਾਹੀਂ ਕਿਰਪਾ ਦ੍ਰਿਸ਼ਟੀ ਕਰਨ ਪਰ ਰਜ਼ਾ ਐਸੀ ਵਰਤੀ ਸਾਰੇ ਸਮਾਗਮ 'ਚ ਇਕ ਵਾਰੀ ਵੀ ਸਤਿਗੁਰੂ ਜੀ ਦੇ ਨੇਤਰਾਂ ਨਾਲ ਨੇਤਰ ਨਾ ਮਿਲੇ। ਕੁਰਸੀ ਤੇ ਬੈਠਿਆ ਮਨ 'ਚ ਆਇਆ ਕਿ ਸਤਿਗੁਰੂ ਜਗਜੀਤ ਸਿੰਘ ਤਾਂ ਚੰਗੀ ਤਰਾਂ ਜਾਣਦੇ ਸਨ ਪਰ ਇਹ ਨਹੀਂ ਮੈਨੂੰ ਜਾਣਦੇ ਤਾਂ ਹੀ ਮੇਰੇ ਵੱਲ ਨਹੀਂ ਵੇਖਿਆ। ਅਰਦਾਸ ਉਪਰੰਤ ਉਦੋਂ ਹੀ ਪਤਾ ਲਗਾ ਜਦੋਂ ਸਤਿਗੁਰੂ ਉਦੇ ਸਿੰਘ ਜੀ, ਸਾਰੀ ਸੰਗਤ ਵਿਚੋਂ ਨਿਕਲ ਕੇ ਸਿਧਾ ਸੰਤ ਜੀ ਕੋਲ ਆਣ ਖੜ੍ਹੇ ਹੋਏ। ਤੇ ਬਚਨ ਕੀਤਾ" ਕੀ ਹਾਲ ਚਾਲ ਹੈ?ਤੁਹਾਡੇ ਗੋਡਿਆਂ ਨੂੰ ਕੀ ਹੋਇਆ ਏ? ਸਾਡੇ ਕੋਲ ਆ ਜਾਓ ਇਲਾਜ ਹੋ ਜਾਏਗਾ"। ਮਨ ਦੀ ਦੁਵਿਧਾ ਦੂਰ ਹੋਈ।ਭਰਮ ਕੇ ਪੜਦੇ ਸਤਿਗੁਰੂ ਖੋਲੇ। ਵੱਡੀ ਗਿਣਤੀ ਵਿਚ ਸਾਧ ਸੰਗਤ ਹਾਜ਼ਰ ਸੀ। ਸੰਤ ਪਾਲਾ ਸਿੰਘ ਜੀ ਪਾਠੀ ਨੇ ਨੌਵੇਂ ਮਹੱਲੇ ਦੇ ਸਲੋਕ ਪੜ੍ਹੇ। ਅਰਦਾਸ ਉਪਰੰਤ ਲੰਗਰ ਵਰਤਾਇਆ ਗਿਆ। ਪਰਿਵਾਰਿਕ ਜਾਣਕਾਰੀ ਤਹਿਤ 3 ਲੜਕੇ ਤੇ 1 ਲੜਕੀ ਹੈ। ਪਤਨੀ ਨਸੀਬ ਕੌਰ ਨਾਲ ਆਪ ਜੀ ਦਾ ਵਿਆਹ ਹੋਇਆ। ਆਪ ਦੇ 4 ਬੱਚੇ ਹਨ। ਜਸਵੰਤ ਸਿੰਘ, ਕੁਲਵੰਤ ਸਿੰਘ, ਕਸ਼ਮੀਰ ਸਿੰਘ ਅਤੇ ਜਗਦੀਸ਼ ਕੌਰ ਹਨ।

**ਜਥੇ. ਨਿਸ਼ਾਨ ਸਿੰਘ ਦਿੱਲੀ**

## ਸੰਤ ਤੇਜਾ ਸਿੰਘ ਜੀ ਨਹੀਂ ਰਹੇ

ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰ ਘਰ ਦੇ ਪ੍ਰੀਤਵਾਨ ਅਤੇ ਨਿਸ਼ਠਾਵਾਨ ਸਿੱਖ ਸੰਤ ਤੇਜਾ ਸਿੰਘ ਜੀ ਪਿੰਡ ਅਲੀਪੁਰ ਖਾਲਸਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ (ਪੰਜਾਬ) ਪਿਛਲੇ ਦਿਨੀਂ ਅਕਾਲ ਪੁਰਖ ਵੱਲੋਂ ਬਖਸ਼ੀ ਸਵਾਸਾਂ ਰੂਪੀ ਪੂੰਜੀ ਭੋਗ ਕੇ ਇਸ ਆਸਾਰ ਮਾਤ ਲੋਕ ਤੋਂ ਅਕਾਲ ਚਲਾਣਾ ਕਰ ਗਏ ਸਨ। ਸੰਤ ਤੇਜਾ ਸਿੰਘ ਜੀ ਅਮਰ ਸ਼ਹੀਦ ਬਿਸ਼ਨ ਸਿੰਘ ਜੀ ਦੇ ਪਰਿਵਾਰ ਵਿੱਚੋਂ ਸਨ। ਉਹਨਾਂ ਨੇ ਪਿੰਡ ਵਿਚ ਰਹਿੰਦਿਆਂ ਦਸਾਂ ਨਹੁੰਆਂ ਦੀ ਕਿਰਤ ਕਰਨ ਦੇ ਨਾਲ-



ਨਾਲ ਗੁਰਸਿੱਖੀ ਜੀਵਨ ਨੂੰ ਪਹਿਲ ਦਿੱਤੀ। ਰੋਜ਼ਾਨਾ ਸਵੇਰੇ ਉੱਠ ਇਸ਼ਨਾਨ ਪਾਣੀ ਕਰ ਨਿਤਨੇਮ ਕਰਨਾ, ਪੰਜ ਬਾਣੀਆਂ ਦਾ ਪਾਠ ਕਰਨਾ ਉਹਨਾਂ ਦੇ ਨਿੱਤ ਕਰਮ ਸਨ। ਇਸ ਦੇ ਨਾਲ-ਨਾਲ ਸਮਾਜ ਸੇਵਾ ਦੇ ਕਾਰਜਾਂ ਵਿਚ ਵੀ ਅੱਗੇ ਰਹਿੰਦੇ ਸਨ। ਉਹ ਆਪਣੇ ਪਿੱਛੇ ਦੋ ਪੁੱਤਰ ਅਤੇ ਇੱਕ ਪੁੱਤਰੀ ਛੱਡ ਗਏ ਹਨ। ਸੰਤ ਤੇਜਾ ਸਿੰਘ ਜੀ ਦੇ ਨਮਿਤ **੨੫-੧੨-੨੦੨੨** ਦਿਨ ਐਤਵਾਰ ਨੂੰ ਇੱਕ ਸਾਧਾਰਨ ਪਾਠ ਦਾ ਭੋਗ

ਪਾਇਆ ਗਿਆ। ਜਥੇਦਾਰ ਜਸਵਿੰਦਰ ਸਿੰਘ ਜੀ ਭਿੰਡਰ ਵੱਲੋਂ ਸੰਤ ਤੇਜਾ ਸਿੰਘ ਜੀ ਦੀ ਯਾਦ ਵਿੱਚ ਦੀਵਾਨ ਸਜਾਇਆ ਗਿਆ। ਇਸ ਮੌਕੇ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਤੋਂ ਸੂਬਾ ਬਲਵਿੰਦਰ ਸਿੰਘ ਜੀ ਝੱਲ, ਸਾਹਿਬ ਸਿੰਘ ਨਿਹੰਗ, ਨਾਮਧਾਰੀ ਸ਼ਹੀਦੀ ਸਮਾਰਕ ਮਾਲੇਰਕੋਟਲਾ ਤੋਂ ਸੰਤ ਹਰਮੇਸ਼ ਸਿੰਘ ਜੀ, ਹਰਦੇਵ ਸਿੰਘ ਚੱਕ, ਮਹੰਤ ਹਰਪਾਲ ਦਾਸ ਜੀ ਡੇਰਾ ਇਮਾਮਾਗੜ੍ਹ, ਕੇ. ਐੱਸ ਗਰੁੱਪ ਮਾਲੇਰਕੋਟਲਾ ਦੇ ਚੈਅਰਮੈਨ ਸ੍ਰ. ਇੰਦਰਜੀਤ ਸਿੰਘ ਮੁੰਡੇ ਅਤੇ ਮੈਨੇਜਿੰਗ ਡਾਇਰੈਕਟਰ ਸ੍ਰ.ਹਰਬੰਸ ਸਿੰਘ ਜੀ ਆਦਿ ਹਾਜਰ ਸਨ। ਸੂਬਾ ਜੀ ਨੇ ਸੰਤ ਤੇਜਾ ਸਿੰਘ ਜੀ ਨੂੰ ਆਪਣੇ ਭਾਸ਼ਣ ਰਾਹੀਂ ਸ਼ਰਧਾਂਜਲੀ ਦਿੱਤੀ ਅਤੇ ਇਲਾਕਾ ਨਿਵਾਸੀਆਂ ਨੂੰ ਗੁਰਬਾਣੀ ਨਾਲ ਜੁੜਣ ਲਈ ਆਖਿਆ। ਇਸ ਤਰ੍ਹਾਂ ਸੰਤ ਤੇਜਾ ਸਿੰਘ ਜੀ ਨਮਿਤ ਇਹ ਭੋਗ ਸਮਾਗਮ ਯਾਦਗਾਰੀ ਹੋ ਨਿੱਬੜਿਆ।

**ਬਲਵੰਤ ਸਿੰਘ**

## ਅਲਵਿਦਾ ਪੇਲੇ..

ਬ੍ਰਾਜੀਲ ਫੁੱਟਬਾਲ ਟੀਮ ਦੇ ਕੋਚ ਇਤੈਲੋ ਫਿਓਲਾ ਨੇ ਇਕ ਸ਼ਾਮ ਗਰਾਊਡ ਵਿੱਚ ਫਟੇ ਬੂਟਾਂ ਨਾਲ ਗੇਂਦ ਦੇ ਟੱਪੇ ਪਾਉਂਦਿਆਂ ਇਕ ਬੱਚੇ ਨੂੰ ਦੇਖਿਆ ਪਾਟੀ ਜਰਸੀ ਤੇ ਗਰੀਬੀ ਦੀ ਹਾਲਤ ਪਰ ਬੱਚਾ ਜਿਸ ਚਾਅ ਨਾਲ ਗੇਂਦ ਨਾਲ ਗੱਲਾਂ ਕਰਦਾ ਸੀ ਕੋਚ ਵੀ ਇਸ ਗੱਲ ਤੇ ਹੈਰਾਨ ਸੀ। ਇਹ ਬੱਚਾ ਕੋਈ ਹੋਰ ਨਹੀਂ ਸਦੀ ਦਾ ਮਹਾਨ ਖਿਡਾਰੀ ਪੇਲੇ ਸੀ। ਜਿਸਦਾ ਜਨਮ ਹੁੰਦਿਆਂ ਹੀ ਨਾਮ ਐਡੀਸਨ ਰੱਖ ਦਿੱਤਾ ਗਿਆ ਪਰ ਸੰਸਾਰ ਵਿੱਚ ਪੇਲੇ ਦੇ ਨਾਮ ਨਾਲ ਮਸ਼ਹੂਰ ਹੋਇਆ।

ਪੇਲੇ ਦੇ ਪਿਤਾ ਵੀ ਇਕ ਫੁੱਟਬਾਲ ਕਲੱਬ ਵਿੱਚ ਖੇਡਦੇ ਸਨ ਪਰ ਗਰੀਬੀ ਕਾਰਨ ਉਨ੍ਹਾਂ ਨੂੰ ਸਫਾਈ ਕਰਮਚਾਰੀ ਬਨਣਾ ਪਿਆ। ਪੇਲੇ ਗਰੀਬ ਬਸਤੀ ਵਿੱਚ ਜੰਮਿਆ ਪਲਿਆ ਪਰ ਉਸਨੇ ਫੁੱਟਬਾਲ ਨੂੰ ਆਪਣੀ ਹਰ ਮੁਸ਼ਕਿਲ ਨੂੰ ਦੂਰ ਕਰਨ ਦਾ ਮਾਧਿਅਮ ਬਣਾਇਆ। ਬਚਪਨ ਵਿੱਚ ਗਰੀਬੀ ਕਾਰਨ ਪੇਲੇ ਨੂੰ ਬਹੁਤ ਕੁਝ ਸਹਿਣਾ ਪਿਆ ਏਥੋਂ ਤੱਕ ਕਿ ਫੁੱਟਬਾਲ ਖਰੀਦਣ ਲਈ ਵੀ ਪੇਲੇ ਕੋਲ ਪੈਸੇ ਨਹੀਂ ਸਨ ਹੁੰਦੇ ਪਰ ਫੁੱਟਬਾਲ ਪ੍ਰਤੀ ਉਸਦਾ ਪਾਗਲਪਨ ਚਰਮ ਸੀਮਾਂ ਤੇ ਸੀ। 1958 ਵਿਸ਼ਵ ਕੱਪ ਲਈ ਫਿਓਲਾ ਜਦੋਂ ਬ੍ਰਾਜੀਲ ਦੀ ਟੀਮ ਚੁਣ ਰਿਹਾ ਸੀ ਤਾਂ ਉਸਨੇ 18 ਸਾਲ ਦੇ ਪੇਲੇ ਨੂੰ ਟੀਮ ਵਿੱਚ ਚੁਣਿਆ, ਜਿਸ ਕਾਰਨ ਉਸਦੀ ਆਲੋਚਨਾ ਹੋਈ। ਵਿਸ਼ਵ ਕੱਪ ਵਿੱਚ ਵੇਲਜ ਖਿਲਾਫ ਪੇਲੇ ਨੇ ਆਪਣਾ ਵਿਸ਼ਵ ਕੱਪ ਦਾ ਪਹਿਲਾ ਗੋਲ ਕੀਤਾ ਓਦੋਂ ਉਸਦੀ ਉਮਰ ਸਿਰਫ 17 ਸਾਲ 239 ਦਿਨ ਸੀ। ਇਸਦੇ ਨਾਲ ਹੀ ਉਹ ਵਿਸ਼ਵ ਕੱਪ ਵਿੱਚ ਸਭ ਤੋਂ ਛੋਟੀ ਉਮਰ ਦਾ ਗੋਲ ਕਰਨ ਵਾਲਾ ਖਿਡਾਰੀ ਬਣ ਗਿਆ। ਇਸੇ ਹੀ ਵਿਸ਼ਵ ਕੱਪ ਦੇ ਸੈਮੀ ਫਾਈਨਲ ਵਿੱਚ ਫਰਾਂਸ ਖਿਲਾਫ ਹੈਟ੍ਰਿਕ ਲਗਾ ਕੇ ਉਸ ਨੇ ਅਲੋਚਨਾ ਦੇ ਮੂੰਹ ਬੰਦ ਕੀਤੇ। ਫਾਈਨਲ ਤੋਂ ਪਹਿਲਾਂ ਕੋਚ ਫਿਓਲਾ ਨੇ ਪੇਲੇ ਨੂੰ ਕਿਹਾ ਜੇ ਅੱਜ ਅਸੀਂ ਜਿੱਤ ਗਏ ਤਾਂ ਤੇਰਾ ਨਾਮ ਹਮੇਸ਼ਾ ਲਈ ਅਮਰ ਰਹੇਗਾ, ਹਾਰੇ ਤਾਂ ਹਮੇਸ਼ਾ ਲਈ ਹਨੇਰੇ ਵਿੱਚ ਗੁੰਮ ਹੋਣ ਲਈ ਤਿਆਰ ਰਹਿਣਾ ਪਰ ਫਾਈਨਲ ਵਿੱਚ ਪੇਲੇ ਦੀ ਸ਼ਾਨਦਾਰ ਖੇਡ ਤੇ ਗੋਲ ਦੀ ਬਦੋਲਤ ਟੀਮ ਵਿਸ਼ਵ ਵਿਜੇਤਾ ਬਣੀ ਤੇ ਸੰਸਾਰ ਭਰ ਵਿੱਚ ਪੇਲੇ ਦੇ ਨਾਮ ਦਾ ਡੰਕਾ ਵੱਜਣਾ ਸ਼ੁਰੂ ਹੋਇਆ। 18 ਸਾਲ ਤੋਂ ਘੱਟ ਉਮਰ ਵਿੱਚ ਵਿਸ਼ਵ ਚੈਂਪੀਅਨ ਬਣਨ ਵਾਲਾ ਪੇਲੇ ਇਕੋਲਤਾ ਖਿਡਾਰੀ ਸੀ। ਪੇਲੇ ਨੇ ਤਿੰਨ ਵਾਰ 1958, 1962, 1970 ਬ੍ਰਾਜੀਲ ਨੂੰ ਵਿਸ਼ਵ ਵਿਜੇਤਾ ਬਣਾਇਆ। ਉਸਨੇ ਕੁਲ 4 ਵਿਸ਼ਵ ਕੱਪ ਖੇਡੇ। 10 ਨੰਬਰ ਜਰਸੀ ਨੂੰ ਪੇਲੇ ਨੇ ਏਨ੍ਹਾਂ ਮਾਣ ਦਿਵਾਇਆ ਕਿ ਅੱਜ ਵੀ ਮਹਾਨ ਖਿਡਾਰੀ 10 ਨੰਬਰ ਜਰਸੀ ਪਾਉਂਦੇ



ਹਨ। ਸਾਰੀ ਉਮਰ ਉਹ ਸਾਂਟਸਿ ਕਲੱਬ ਲਈ ਫੁੱਟਬਾਲ ਖੇਡਿਆ।

1995 ਵਿੱਚ ਪੇਲੇ ਨੂੰ ਬ੍ਰਾਜੀਲ ਦਾ ਖੇਡ ਮੰਤਰੀ ਬਣਾਇਆ ਗਿਆ ਤੇ ਉਸਦੀ ਅਗਵਾਈ ਤੇ ਪ੍ਰਸਾਰ ਸਦਕਾ ਬਣਾਈ ਅਕੈਡਮੀ 'ਚੋਂ ਹੀ ਮਹਾਨ ਖਿਡਾਰੀ ਰੋਨਾਲਡੋ, ਰੋਨਾਲਡੀਨੀਓ, ਰੋਬਰਟੋ ਕਾਰਲੋਸ, ਰੀਵਾਲਡੋ ਵਰਗੇ

ਅਨੇਕਾਂ ਖਿਡਾਰੀ ਪੈਦਾ ਹੋਏ। ਪੇਲੇ ਨੂੰ ਵੇਖਣ ਲਈ ਕਈ ਵਾਰ ਸਰਹੱਦੀ ਜੰਗ ਵੀ ਬੰਦ ਹੋ ਗਏ ਸਨ। ਇਸ ਫੁੱਟਬਾਲ ਦੇ ਜਾਦੂਗਰ ਦੇ ਦੁਨੀਆਂ ਭਰ ਦੇ ਲੋਕ ਪ੍ਰਸ਼ੰਸਕ ਸਨ। 82 ਸਾਲ ਦੇ ਪੇਲੇ ਨੇ 22 ਦਸੰਬਰ 2022 ਨੂੰ ਆਖੀਰੀ ਸਾਹ ਲਏ ਜਿਸ ਨਾਲ ਦੁਨੀਆਂ ਭਰ ਦੇ ਖੇਡ ਪ੍ਰੇਮੀਆਂ ਵਿੱਚ ਸੋਗ ਦੀ ਲਹਿਰ ਦੋੜ ਗਈ। ਅਦਾਰਾ ਸਤਿਜੁਗ ਮਹਾਨ ਖਿਡਾਰੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੈ।

**ਗੁਰਭਗਤ ਸਿੰਘ**

..............................................

## ਸ. ਦਲਜੀਤ ਸਿੰਘ ਅਕਾਲ ਚਲਾਣਾ ਕਰ ਗਏ

ਯਮਨਾ ਨਗਰ- ਮਿਤੀ 28-12-2022 ਦਿਨ ਵੀਰਵਾਰ ਨਾਮਧਾਰੀ ਧਰਮਸ਼ਾਲਾ ਪੁਰਾਨਾ ਹਮੀਦਾ ਵਿਖੇ ਸੰਤ ਅਮਰ ਸਿੰਘ ਪ੍ਰਧਾਨ ਸਦੋਵਾਲ ਜੀ ਦੇ ਸਪੁੱਤਰ ਸ. ਦਲਜੀਤ ਸਿੰਘ ਜੀ ਕੁਝ ਸਮੇਂ ਤੋਂ ਸਰੀਰਕ ਤੌਰ ਤੇ ਢਿਲੇ ਰਹਿੰਦੇ ਸੀ। ਆਪਣੀ ਸਵਾਸਾ ਰੂਪੀ ਪੂੰਜੀ ਸਮਾਪਤ ਕਰਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਨਮਿਤ ਰੱਖੇ ਸਧਾਰਨ ਪਾਠ ਦਾ ਭੋਗ ਨਾਮਧਾਰੀ ਧਰਮਸ਼ਾਲਾ ਵਿਖੇ ਪਾਇਆ ਗਿਆ। ਜਿਸ ਵਿੱਚ ਸੂਬਾ ਸੰਦੀਪ ਸਿੰਘ ਜੀ ਕਰੀਵਾਲ ਵਾਲੇ ਦੀਵਾਨ ਲਗਾਉਣ ਲਈ ਪਹੁੰਚੇ। ਸ. ਦਲਜੀਤ ਸਿੰਘ ਜੋ ਕਿ 17 ਸੈਕਟਰ ਹੁੱਡਾ ਵਿੱਚ ਰਹਿੰਦੇ ਸਨ ਆਪਣੇ ਪਿੱਛੇ ਪਰਿਵਾਰ ਵਿੱਚ ਧਰਮਪਤਨੀ ਤੇ ਦੋ ਸਪੁੱਤਰ ਰਿਸ਼ੀ ਪ੍ਰੀਤ ਸਿੰਘ ਜੋ ਨਿਊਜੀਲੈਂਡ ਰਹਿੰਦਾ ਹੈ ਤੇ ਦੂਸਰਾ ਦਰਸ਼ਨ ਸਿੰਘ ਜਮਨਾ ਨਗਰ ਵਿੱਚ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ ਛੱਡ ਗਏ ਹਨ। ਸਾਰਾ ਪਰਿਵਾਰ ਸ਼ੁਰੂ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦ ਚਰਨਾਂ ਨਾਲ ਜੁੜਿਆ



ਹੋਇਆ ਹੈ। ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਦਿਲੀ ਦੇ ਪ੍ਰਧਾਨ ਸਾਧਾ ਸਿੰਘ ਜੀ ਜੋ ਕਿ ਦਲਜੀਤ ਸਿੰਘ ਜੀ ਦੇ ਰਿਸ਼ਤੇਦਾਰੀ ਵੱਲੋਂ ਮਾਮਾ ਜੀ ਲਗਦੇ ਹਨ ਉਹ ਵੀ ਸਾਧ ਸੰਗਤ ਦੇ ਦਰਸ਼ਨ ਕਰਨ ਆਏ ਸਨ। ਉਪਰੰਤ ਸੂਬਾ ਬਲਦੇਵ ਸਿੰਘ ਜੀ ਨੇ ਪਰਿਵਾਰਕ ਜਿੰਮੇਵਾਰੀ ਦੀ ਦਸਤਾਰ ਵੱਡੇ ਸਪੁੱਤਰ ਰਿਸ਼ੀ ਪ੍ਰੀਤ ਸਿੰਘ ਨੂੰ ਪਹਿਨਾਈ। ਆਈ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ ਤੇ ਗੁਰੂ ਦਾ ਲੰਗਰ ਅਤੁੱਟ ਵਰਤਿਆ।

**ਗੁਰਚਰਨ ਸਿੰਘ ਕਿਆਂਪੁਰੀਆ**

## Matrimonial

**ਕਨੇਡਾ ਸਿਟੀਜਨ ਨਾਮਧਾਰੀ (ਸੈਣੀ ਸਿੱਖ) ਲੜਕਾ**
ਉਮਰ 28 ਸਾਲ
ਕੱਦ 6 ਫੁੱਟ
ਰਜਿਸਟਰਡ ਫਾਰਮੇਸੀ ਟੈਕਨੀਸ਼ੀਅਨ, ਫਾਰਮਾਸੇਵ ਕੰਪਨੀ, ਟੋਰੰਟੋ (ਕਨੇਡਾ) ਵਿੱਚ ਜੌਬ ਕਰ ਰਹੇ, ਬਰੈਂਪਟਨ ਵਿਚ ਆਪਣਾ ਘਰ
ਦਿੱਲੀ ਯੂਨੀਵਰਸਿਟੀ ਤੋਂ ਬੀ.ਫਾਰਮੇਸੀ, ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ ਤੋਂ ਟਾਪਰ
ਫੋਨ : 9718890900

..............................................

**Name Talvir Singh Grewal**
Father name S. Gurmeet singh Namdhari
Residence In Canada - Edmonton
DOB - 09.09.1994
Study - B. Tech, PG in Canada
PR in canad
Height - 6 feet
Mob- 98762-11152

..............................................

**Name: Palvinder Singh**
DOB: 08/10/1992
Age: 30
Height: 5’7
Education: BCA, MCA
Cunrrently living in Australia Cast: Ramgharia
Contact No: 8708356565, 9518237476

..............................................

ਦਿੱਲੀ ਨਿਵਾਸੀ ਮਕੈਨਿਕਲ ਇੰਨਜ਼ੀਨੀਅਰ ਡਿਪਲੋਮਾ
ਜਨਮ 03-12-1993।
ਕੱਦ 6 ਫੁੱਟ
ਗੋਤ- ਘਟੌੜੇ
ਆਪਣਾ ਕਾਰੋਬਾਰ ਕਰਦੇ ਨਾਮਧਾਰੀ ਵਾਸਤੇ ਨਾਮਧਾਰੀ ਜੀਵਨ ਸਾਥਣ ਦੀ ਤਲਾਸ਼ ਹੈ।
ਸੰਪਰਕ: 99114-90922, 98910-90922

..............................................



ਪ੍ਰੋ. ਗੁਰਪ੍ਰੀਤ ਸਿੰਘ ਸਪੁੱਤਰ ਸ. ਹਰੀ ਸਿੰਘ (ਬਜੀਦਪੁਰ) ਦਾ ਆਨੰਦ ਕਾਰਜ
ਬੀਬੀ ਗਿਆਨ ਕੌਰ ਸਪੁੱਤਰੀ ਸ. ਗੁਰਜੀਤ ਸਿੰਘ (ਕਪੂਰਥਲਾ) ਨਾਲ ਹੋਇਆ।



ਕਰਤਾਰ ਸਿੰਘ ਸਪੁੱਤਰ ਸ. ਕਵਲਜੀਤ ਸਿੰਘ (ਚੰਡੀਗੜ੍ਹ) ਦਾ ਆਨੰਦ ਕਾਰਜ
ਬੀਬੀ ਅਮਰ ਕੌਰ ਸਪੁੱਤਰੀ ਸੂਬਾ ਅਮਰੀਕ ਸਿੰਘ (ਬੰਗਲੌਰ) ਨਾਲ ਹੋਇਆ।

Date of Publication: 6 January 2023
Date of Posting: 8 January 2023

RNI NO.55658/93
LDM/008/2021-2023







DECEMBER 20,2022 • AHMEDABAD,INDIA

# International Human Solidarity Day

100



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.